ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004
www.allstardrivingschool.info



KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration,
Passport, Visa And Petition, Business Start,
Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com
ਹਰਜਿੰਦਰ ਸਿੰਘ ਕਲੇਰ



ACCURATE
ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 33, Issue No. 26, Ending Date:Jun 26, 2026



LOAN FACTORY
NMLS#320841
COMMERCIAL AND RESIDENTIAL LOANS
• 30Yr Fixed/Arm
• SBA Loans
• Bank Statement
• Profit and Loss only
• Construction Loans
• Line of Credit
Jasdeep Singh
Loan Officer | NMLS 1900093
Cell: 253-223-3717
email: jasdeep@loanfactory.com
19201 108th AVE 201 Renton WA 98055
EQUAL HOUSING LENDER


## ਰਾਮ ਮੰਦਰ ਅਯੁੱਧਿਆ ਤੋਂ ਬਾਅਦ ਕ੍ਰਿਸ਼ਨ ਮੰਦਰ ਮਥੁਰਾ ਚ' ਵੀ ਹਜਾਰਾਂ ਕਰੋੜ ਰੁਪਏ ਦੀ ਚੋਰੀ



ਲਖਨਊ:-ਅਯੁੱਧਿਆ ਵਿੱਚ ਰਾਮ ਮੰਦਰ ਨੂੰ ਮਿਲੇ ਦਾਨ ਦੀ ਦੁਰਵਰਤੋਂ ਅਤੇ ਧੋਖਾਧੜੀ ਨੂੰ ਲੈ ਕੇ ਚੱਲ ਰਿਹਾ ਵਿਵਾਦ ਅਜੇ ਸ਼ਾਂਤ ਹੀ ਨਹੀਂ ਹੋਇਆ ਕਿ ਮਥੁਰਾ ਦੇ ਸ੍ਰੀ ਕ੍ਰਿਸ਼ਨ ਜਨਮ ਭੂਮੀ ਮੰਦਰ ਤੋਂ ਇੱਕ ਵੱਡੀ ਚੋਰੀ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਸ੍ਰੀ ਕ੍ਰਿਸ਼ਨ ਜਨਮ ਭੂਮੀ ਮੁਕਤੀ ਅੰਦੋਲਨ ਦੇ ਮੁਖੀ ਅਤੇ ਇਸ ਮਾਮਲੇ ਦੇ ਮੁੱਖ ਸ਼ਿਕਾਇਤਕਰਤਾ ਪੰਡਤ ਦਿਨੇਸ਼ ਫਲਾਹਾਰੀ ਨੇ ਮੰਦਰ ਦੇ ਖਜ਼ਾਨੇ (ਤੋਸ਼ਾਖਾਨਾ) ਵਿੱਚੋਂ ਦਾਨ ਦੇ ਹਜ਼ਾਰਾਂ ਕਰੋੜ ਰੁਪਏ, ਸੋਨੇ ਅਤੇ ਚਾਂਦੀ ਦੇ ਗਹਿਣਿਆਂ ਅਤੇ ਕੀਮਤੀ ਸਾਮਾਨ ਦੀ ਚੋਰੀ ਦੇ ਗੰਭੀਰ ਦੋਸ਼ ਲਗਾਏ ਹਨ। ਉਸ ਨੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਇਸ ਮਾਮਲੇ ਦੀ ਤੁਰੰਤ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ।ਮੀਡੀਆ ਰਿਪੋਰਟਾਂ ਮੁਤਾਬਕ ਜਦੋਂ ਮੰਦਰ ਦਾ ਇਤਿਹਾਸਕ ਖਜ਼ਾਨਾ ਹਾਲ ਹੀ ਵਿੱਚ ਕਈ ਦਹਾਕਿਆਂ ਬਾਅਦ ਖੋਲ੍ਹਿਆ ਗਿਆ ਸੀ ਤਾਂ ਅੰਦਰਲਾ ਦ੍ਰਿਸ਼ ਹੈਰਾਨ ਕਰਨ ਵਾਲਾ ਸੀ।ਖਜ਼ਾਨੇ ਦੀਆਂ ਤਿਜੌਰੀਆਂ ਪੂਰੀ ਤਰ੍ਹਾਂ ਖਾਲੀ ਸਨ ਅਤੇ ਭਾਰਤ ਤੇ ਵਿਦੇਸ਼ਾਂ ਦੇ ਰਾਜਿਆਂ ਅਤੇ ਸ਼ਰਧਾਲੂਆਂ ਵੱਲੋਂ ਦਾਨ ਕੀਤੇ ਗਏ ਕੀਮਤੀ ਹੀਰੇ, ਗਹਿਣੇ ਅਤੇ ਸੋਨੇ ਦੇ ਗਹਿਣਿਆਂ ਵਾਲੇ ਬਕਸੇ ਖਾਲੀ ਪਾਏ ਗਏ ਸਨ।ਇਸ ਤੋਂ ਇਲਾਵਾ ਮੰਦਰ ਦੀਆਂ ਬਹੁਤ ਸਾਰੀਆਂ ਚੱਲ ਅਤੇ ਅਚੱਲ ਜਾਇਦਾਦਾਂ ਦੇ ਮਹੱਤਵਪੂਰਨ ਦਸਤਾਵੇਜ਼ ਵੀ ਰਹੱਸਮਈ ਢੰਗ ਨਾਲ ਗਾਇਬ ਸਨ। ਪੰਡਤ ਫਲਾਹਾਰੀ ਨੇ ਦੋਸ਼ ਲਗਾਇਆ ਹੈ ਕਿ ਸਨਾਤਨ ਧਰਮ ਦੇ ਪੈਰੋਕਾਰਾਂ ਨੇ ਆਪਣੀ ਮਿਹਨਤ ਦੀ ਕਮਾਈ ਅਤੇ ਅਥਾਹ ਸ਼ਰਧਾ ਨਾਲ ਭਗਵਾਨ ਦੇ ਚਰਨਾਂ ਵਿੱਚ ਹਜ਼ਾਰਾਂ ਕਰੋੜ ਰੁਪਏ ਦੇ ਗਹਿਣੇ ਅਤੇ ਜਾਇਦਾਦ ਦਾਨ ਕੀਤੀ ਸੀ, ਜਿਹੜੀ ਕੁਝ ਭ੍ਰਿਸ਼ਟ ਪ੍ਰਸ਼ਾਸਕਾਂ ਅਤੇ ਪ੍ਰਭਾਵਸ਼ਾਲੀ ਲੋਕਾਂ ਨੇ ਹੜੱਪ ਕਰ ਲਈ।ਹੋਰਨਾਂ ਸੰਤਾਂ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਜੇ ਇਸ ਮਾਮਲੇ 'ਤੇ ਤੁਰੰਤ ਸਖਤ ਕਾਰਵਾਈ ਨਾ ਕੀਤੀ ਗਈ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਕੀਤੀ ਗਈ ਤਾਂ ਉਹ ਪ੍ਰਸ਼ਾਸਨ ਵਿਰੁੱਧ ਮਰਨ ਵਰਤ ਅਤੇ ਭੁੱਖ ਹੜਤਾਲ ਕਰਨ ਲਈ ਮਜਬੂਰ ਹੋਣਗੇ।ਮਥੁਰਾ ਅਤੇ ਵ੍ਰਿੰਦਾਵਨ ਦੇ ਸੰਤਾਂ ਦਾ ਕਹਿਣਾ ਹੈ ਕਿ ਇਹ ਸਿਰਫ ਪੈਸੇ ਦੀ ਚੋਰੀ ਨਹੀਂ, ਸਗੋਂ ਲੱਖਾਂ ਸਨਾਤਨੀਆਂ ਦੀ ਅਟੁੱਟ ਆਸਥਾ ਨਾਲ ਘੋਰ ਵਿਸ਼ਵਾਸਘਾਤ ਹੈ।ਇਸ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਅਤੇ ਕੁਝ ਸਥਾਨਕ ਸੰਤਾਂ ਨੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਲਈ ਦੇਸ਼ਵਿਆਪੀ ਦਾਨ (ਸਮਰਪਣ ਨਿਧੀ) ਅਤੇ ਜ਼ਮੀਨ ਖਰੀਦਦਾਰੀ ਵਿੱਚ ਗੰਭੀਰ ਵਿੱਤੀ ਬੇਨੇਮੀਆਂ ਦਾ ਵੀ ਦੋਸ਼ (ਬਾਕੀ ਸਫਾ ਏ-4 ਤੇ)


Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

BARRETT FINANCIAL GROUP
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੋਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
BARRETT FINANCIALGROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover
Mortgage Loan Originator NMLS #2081225

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
MULTANI LAW GROUP
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum U-Visa, Vawa
-SIJ Guardianship Cases
- Personal Injury/Car Accidents
- Evictions
ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜਾ, ਵਾਅਵਾ
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇੰਨਜਰੀ
-ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

John L. Scott REAL ESTATE
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

JK Tire Wholesaler
CASCADE Truck & RV Wash
Located next to Love Travel Center, 1-90 Exit 106, 1608 HWY 97 Ellensburg.WA
ਜਸਬੀਰ ਸਿੰਘ ਰੀਹਲ 206-235-2168
Ph: 509.925.9273
50 ਟਰੇਲਰ ਟਾਇਰਾਂ ਦੀ ਡੀਲ $230/ਟਾਇਰ
ਕੁਲਬੀਰ ਸਿੰਘ ਰੀਹਲ 206-245-0114

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY
Email: sakatersingh@yahoo.com

Ozone Roofing LLC
Seattle, Tacoma & Everett ਵਿਚ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੀ ਰੂਫਿੰਗ ਦਾ ਕੰਮ ਤਸੱਲੀਬਖਸ਼ ਕਰਦੇ ਹਾਂ
Free Estimate
For Best Quotes Contact:
JD Singh 1-253-350-0341
Licensed, Bonded & Insured

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax — ਬਿਜਨਸ ਅਤੇ ਪਰਸਨਲ ਟੈਕਸ, ਹੈਲਥ ਪਲੈਨਜ,
•Indian Visa & OCI Applications — ਇੰਮੀਗਰੇਸ਼ਨ ਫਾਰਮ ਭਰਨ ਵਿਚ ਮੱਦਦ,
•Health Plans — ਇੰਡੀਅਨ ਵੀਜਾ & ਓਸੀਆਈ ਵਿਚ ਮੱਦਦ
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
* Neither New York Life Insurance Company, nor its Agents provide Tax or Legal advice. Please consult your own tax or legal Professional before making any decisions
Harpreet Parmar
Financial Services Professional
CA Insurance License # 0L12613
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com
Registered Representative offering securities through NYLIFE Securities LLC (member FINRA/SIPC), A Licensed Insurance Agency and a New York Life Company

BALBIR SINGH NIJJAR
Wize Mortgage
Senior Loan Originator
ਮੌਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
Balbir Singh (115294)
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


Reshmi's Group
ETHINIC FOOD DISTRIBUTOR
NOW AVAILABLE IN 40LB
AGED
🔥 BEST BIRYANI RICE 🔥
🌾 LONG GRAIN | PREMIUM QUALITY 🌾
✨ PERFECT FOR:
✔ BIRYANI
✔ PULAO
✔ FRIED RICE
✔ DAILY MEALS
🥇 AROMATIC | NON-STICKY | EXTRA FLUFFY
444™
XXL PREMIUM BASMATI RICE
AROMATIC HIMALAYAN LONG GRAIN
SUPPORTS DIGESTION
444 XXL PREMIUM BASMATI RICE 40LB
FOR WHOLESALE ORDER AT:
1120 ANDOVER PARK E,TUKWILA, WA 98188,
T: (206) 575-0050,E: SALES@RESHMISGROUP.COM.



DIAMONDS!

Diamond Necklace
Wedding Sets
and
Wedding Rings

50% off

Come see our collection

ਡਾਇਮੰਡਜ!

ਅਸੀਂ ਹਣ ਡਾਇਮੰਡ ਨੈਕੁਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

50% off

ਆ ਕੇ ਕੁਲੈਕਸ਼ਨ ਦੇਖੋ

Season Special!

Visit our store for special pricing when buying
50 grams or more of 22k Gold Jewelry!

ਸੀਜਨ ਸਪੈਸ਼ਲ!

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

CASH FOR GOLD

ਸੋਨੇ ਬਦਲੇ ਡਾਲਰ ਲਉ

ਸਾਡੀਆਂ ਕੀਮਤਾਂ ਬਹੁਤ ਘੱਟ ਹਨ

TAJ JEWELERS

UNIQUELY DESIGNED 22KT GOLD JEWELRY

WE SELL FOR LESS

ਤਾਜ਼ ਜਿਊਲਰਜ਼

TRADE YOUR OLD GOLD FOR NEW JEWELRY

ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ

22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ

Ph:253-981-3071

10120 SE 260th St. Suite 110, Kent, WA 98030

Open: 7 Days Tuesday to Sunday 11am to 7pm, Mon 11am to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ

ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਕਨੇਡਾ ਵਿੱਚ ਘਰਾਂ ਦੀ ਵਿੱਕਰੀ ਅਤੇ ਕੀਮਤਾਂ ਵਿੱਚ ਗਿਰਾਵਟ

ਟੋਰਾਂਟੋ : ਕੈਨੇਡਾ ਵਿਚ ਘਰਾਂ ਦੀ ਵਿਕਰੀ 5 ਫ਼ੀ ਸਦੀ ਘਟਣ ਦਰਮਿਆਨ ਇਕ ਹੈਰਾਨਕੁਨ ਸਰਵੇਖਣ ਸਾਹਮਣੇ ਆਇਆ ਹੈ ਜੋ ਕਹਿੰਦਾ ਹੈ ਕਿ ਮੁਲਕ ਵਿਚ ਨਵੇਂ ਆਏ ਪ੍ਰਵਾਸੀ ਵੱਡੀ ਗਿਣਤੀ ਵਿਚ ਘਰ ਖਰੀਦ ਰਹੇ ਹਨ ਜਦਕਿ ਕੈਨੇਡਾ ਵਿਚ ਜੰਮਿਆਂ ਦੀ ਮਾਲਕੀ ਦਾ ਅੰਕੜਾ ਹੇਠਾਂ ਵੱਲ ਜਾ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਮੁਲਕ ਵਿਚ ਨਵੇਂ ਆਏ ਪ੍ਰਵਾਸੀਆਂ ਵਿਚ ਮਾਲਕੀ ਦਰ 35.7 ਫ਼ੀ ਸਦੀ ਤੋਂ ਵਧ ਕੇ 40.2 ਫ਼ੀ ਸਦੀ ਹੋ ਗਈ ਜਦਕਿ ਕੈਨੇਡਾ ਵਿਚ ਜੰਮਿਆਂ ਦੀ ਮਾਲਕੀ ਦਾ ਅੰਕੜਾ 50.7 ਫ਼ੀ ਸਦੀ ਤੋਂ ਘਟ ਕੇ 47.8 ਫ਼ੀ ਸਦੀ ਹੋ ਗਿਆ। ਪੱਕੇ ਹੋਣ ਮਗਰੋਂ ਪਹਿਲੇ ਹੀ ਸਾਲ ਵਿਚ ਮਕਾਨ ਖਰੀਦਣ ਵਾਲੇ ਪ੍ਰਵਾਸੀਆਂ ਵਿਚੋਂ 85 ਫ਼ੀ ਸਦੀ ਅਜਿਹੇ ਹਨ ਜੋ ਵਰਕ ਪਰਮਿਟ, ਸਟੱਡੀ ਵੀਜ਼ਾ ਜਾਂ ਅਸਾਇਲਮ ਕਲੇਮ ਦੇ ਆਧਾਰ ’ਤੇ ਪਹਿਲਾਂ ਤੋਂ ਹੀ ਕੈਨੇਡਾ ਵਿਚ ਮੌਜੂਦ ਸਨ। ਰਫ਼ਿਊਜੀਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਕੇਨੇਡਾ ਵਿਚ ਪੰਜ ਸਾਲ ਦੇ ਵਸੇਬੇ ਮਗਰੋਂ ਹਰ 10 ਵਿਚੋਂ ਇਕ ਰਫ਼ਿਊਜੀ ਮਕਾਨ ਮਾਲਕ ਬਣ ਜਾਂਦਾ ਹੈ। ਇਕ ਹੋਰ ਅਹਿਮ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਨਵੇਂ ਪ੍ਰਵਾਸੀ ਮਹਿੰਗੇ ਘਰ ਖਰੀਦ ਰਹੇ ਹਨ ਅਤੇ ਮੋਟਾ ਕਰਜ਼ਾ ਲੈਣ ਤੋਂ ਪਰਹੇਜ਼ ਨਹੀਂ ਕਰ ਰਹੇ। 35 ਸਾਲ ਤੋਂ ਘੱਟ ਉਮਰ ਵਿਚ ਮਕਾਨ ਮਾਲਕ ਬਣਨ ਵਾਲੇ ਨਵੇਂ ਪ੍ਰਵਾਸੀ ਕੈਨੇਡਾ ਵਿਚ ਜੰਮਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਕਿਸ਼ਤਾਂ ਭਰ ਰਹੇ ਹਨ। ਖਿਤਿਆਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਕੈਨੇਡਾ ਵਿਚ ਪੰਜ ਸਾਲ ਲੰਘਾਉਣ ਵਾਲੇ ਸਾਊਥ ਏਸ਼ੀਅਨ ਲੋਕਾਂ ਵਿਚੋਂ 53.8 ਫ਼ੀ ਸਦੀ ਮਕਾਨ ਮਾਲਕ ਬਣ ਜਾਂਦੇ ਹਨ। ਉਨਟਾਰੀਓ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਦੇ ਨੰਬਰ ਆਉਂਦਾ ਹੈ ਜਿਥੇ 46 ਫ਼ੀ ਸਦੀ ਸਾਊਥ ਏਸ਼ੀਅਨ ਪੰਜ ਸਾਲ ਦੇ ਅੰਦਰ ਮਕਾਨ ਮਾਲਕੀ ਦਾ ਸੁਖ ਮਾਣ ਲੈਂਦੇ ਹਨ। ਉਧਰ, ਕੈਨੇਡਾ ਰੀਅਲ ਅਸਟੇਟ ਐਸੋਸੀਏਸ਼ਨ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਮਈ ਮਹੀਨੇ ਦੌਰਾਨ ਮਕਾਨਾਂ ਦੀ ਵਿਕਰੀ 5.1 ਫ਼ੀ ਸਦੀ ਘਟ ਗਈ ਪਰ ਅਪ੍ਰੈਲ ਦੇ ਮੁਕਾਬਲੇ ਖਰੀਦਾਰਾਂ ਵਿਚ ਉਤਸ਼ਾਹ ਦੇਖਣ ਨੂੰ ਮਿਲਿਆ।

## (ਮੁੱਖ ਪੰਨੇ ਦੀ ਬਾਕੀ)

ਲਗਾਇਆ ਸੀ। ਦੋਸ਼ ਹੈ ਕਿ ਥੋੜ੍ਹੀ ਜਿਹੀ ਕੀਮਤ ‘ਤੇ ਐਕੁਆਇਰ ਕੀਤੀ ਗਈ ਜ਼ਮੀਨ ਰਾਮ ਮੰਦਰ ਟਰੱਸਟ ਨੂੰ ਮਿੰਟਾਂ ਦੇ ਅੰਦਰ-ਅੰਦਰ ਕਰੋੜਾਂ ਰੁਪਏ ਦੀਆਂ ਮਹਿੰਗੀਆਂ ਕੀਮਤਾਂ ‘ਤੇ ਵੇਚ ਦਿੱਤੀ ਗਈ, ਜਿਸ ਦੇ ਨਤੀਜੇ ਵਜੋਂ ਭਾਰੀ ਮੁਨਾਫਾ ਹੋਇਆ ਅਤੇ ਦਾਨ ਦੀ ਦੁਰਵਰਤੋਂ ਹੋਈ। ਅਯੁੱਧਿਆ ਤੋਂ ਬਾਅਦ ਮਥੁਰਾ ਵਿੱਚ ਦਾਨ ਦੀ ਚੋਰੀ ਨੇ ਯੂ ਪੀ ਦੀ ਧਾਰਮਿਕ ਰਾਜਨੀਤੀ ਅਤੇ ਮੰਦਰਾਂ ਦੇ ਪ੍ਰਬੰਧਨ ਦੀ ਪਾਰਦਰਸ਼ਤਾ ‘ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਮਾਮਲਾ ਏਨਾ ਗੰਭੀਰ ਹੋ ਚੁੱਕਾ ਹੈ ਕਿ ਯੂ ਪੀ ਸਰਕਾਰ, ਜਿਹੜੀ ਇਸ ਤਰ੍ਹਾਂ ਦੇ ਦੋਸ਼ਾਂ ਨੂੰ ਨਜ਼ਰਅੰਦਾਜ਼ ਕਰ ਦਿੰਦੀ ਸੀ, ਰਾਮ ਮੰਦਰ ਦੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਉਣ ਲਈ ਮਜਬੂਰ ਹੋਈ ਹੈ। ਵੱਡੇ ਮੰਦਰਾਂ ਵਿੱਚ ਇਸ ਤਰ੍ਹਾਂ ਦੇ ਘਪਲਿਆਂ ਨੇ ਇਹ ਸਵਾਲ ਵੀ ਪੈਦਾ ਕਰ ਦਿੱਤਾ ਹੈ ਕਿ ਰਾਮ ਮੰਦਰ ਦਾ ਅੰਦੋਲਨ ਜਾਂ ਕ੍ਰਿਸ਼ਨ ਜਨਮ ਭੂਮੀ ਮੰਦਰ ਲਈ ਚਲਾਇਆ ਜਾ ਰਿਹਾ ਅੰਦੋਲਨ ਧਾਰਮਿਕ ਨੌਈਅਤ ਦੇ ਸਨ/ਹਨ ਜਾਂ ਇਨ੍ਹਾਂ ਦੇ ਖਜ਼ਾਨਿਆਂ ‘ਤੇ ਕਬਜ਼ਾ ਕਰਨ ਦੀ ਨੀਤ ਨਾਲ ਚਲਾਏ ਗਏ ਜਾਂ ਚਲਾਏ ਜਾ ਰਹੇ ਹਨ।

## ਕਨੇਡਾ ਵਿਚ ਅਪਰਾਧੀਆਂ ਦੀ ਨਕੇਲ ਕੱਸਣ ਵਾਲੇ ਕਾਨੂੰਨ ਨੂੰ ਪ੍ਰਵਾਨਗੀ

ਔਟਵਾ:ਕੈਨੇਡਾ ਵਿਚ ਅਪਰਾਧੀਆਂ ਦੀ ਨਕੇਲ ਕਸਣ ਵਾਲੇ ਨਵੇਂ ਕਾਨੂੰਨ ਨੂੰ ਗਵਰਨਰ ਜਨਰਲ ਤੋਂ ਪ੍ਰਵਾਨਗੀ ਮਿਲ ਚੁੱਕੀ ਹੈ ਅਤੇ 15 ਜੁਲਾਈ ਤੋਂ ਲਾਗੂ ਕੀਤਾ ਜਾ ਰਿਹਾ ਹੈ। ਜੀ ਹਾਂ, ਬੇਲ ਐਂਡ ਸੈਂਟੈਂਸਿੰਗ ਰਿਫ਼ਾਰਮ ਐਕਟ ਅਧੀਨ ਅਦਾਲਤਾਂ ਨੂੰ ਵਧੇਰੇ ਤਾਕਤਾਂ ਮਿਲਣਗੀਆਂ ਅਤੇ ਵਾਰ ਵਾਰ ਅਪਰਾਧ ਕਰਨ ਜ਼ਮਾਨਤ ਹਾਸਲ ਨਹੀਂ ਕਰ ਸਕਣਗੇ। ਨਿਆਂ ਮੰਤਰੀ ਸ਼ੌਨ ਫਰੇਜ਼ਰ ਨੇ ਦੱਸਿਆ ਕਿ ਕ੍ਰਿਮੀਨਲ ਕੋਡ, ਯੂਥ ਕ੍ਰਿਮੀਨਲ ਜਸਟਿਸ ਐਕਅ ਅਤੇ ਨੈਸ਼ਨਲ ਡਿਫੈਂਸ ਐਕਟ ਨਾਲ ਸਬੰਧਤ 80 ਤਬਦੀਲੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਆਧਾਰ ’ਤੇ ਜ਼ਮਾਨਤ ਅਤੇ ਸਜ਼ਾ ਦਾ ਫ਼ੈਸਲਾ ਅਦਾਲਤਾਂ ਕਰ ਸਕਣਗੀਆਂ। ਨਵੇਂ ਕਾਨੂੰਨ ਤਹਿਤ ਸ਼ੱਕੀ ਨੂੰ ਸਾਬਤ ਕਰਨਾ ਹੋਵੇਗਾ ਕਿ ਉਸ ਨੂੰ ਜ਼ਮਾਨਤ ਕਿਉਂ ਦਿਤੀ ਜਾਵੇ ਅਤੇ ਵਾਰ ਵਾਰ ਅਪਰਾਧ ਕਰਨ ’ਤੇ ਲੰਮੀ ਸਜ਼ਾ ਸੁਣਾਈ ਜਾ ਸਕੇਗੀ। ਹੁਣ ਅਦਾਲਤਾਂ ਹਥਿਆਰਾਂ ਦੀ ਪਾਬੰਦੀ ਸਣੇ ਕਈ ਹੋਰ ਸਖ਼ਤ ਬੰਦਿਸ਼ਾਂ ਲਾਗੂ ਕਰ ਸਕਣਗੀਆਂ। ਸ਼ੌਨ ਫਰੇਜ਼ਰ ਨੇ ਅੱਗੇ ਕਿਹਾ ਕਿ ਸੂਬਾ ਸਰਕਾਰਾਂ ਨੂੰ ਵੀ ਜਲਦ ਤੋਂ ਜਲਦ ਜੱਜਾਂ ਦੀ ਆਸਾਮੀਆਂ ਭਰਨ ਦੇ ਪ੍ਰਬੰਧ ਕਰਨੇ ਹੋਣਗੇ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:604-590-5200

TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
A Caring Team for You & Your Family
Most Crowns and Bridges are made same day with our CAD/CAM System
• General Dentistry • Bridges • Fillings • Dentures
• Dental Implants • Crowns • Cosmetic Dentistry • Sealants
• Treatment of Gum Disease • Oral Surgery • Root Canals

HARCHAND SINGH DDS PS, SARAA ABDULATEEF DDS MS,
ABRAAM ABRAMOV LD, MUKTA SINGH DDS, TANVEER S BUTTAR DDS
Hours : Monday 9AM - 6PM
Tuesday 9AM - 6PM
Wednesday 9AM - 6PM
Thursday 9AM - 6PM
Friday 8AM - 4PM
(Fellow & Master Academy of General Dentistry)
DENTAL LAB ON PREMISES
13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860

Complete Dental Care
New & Emergency Patients Welcome


-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry
ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ
Dr. Manpreet Dhaliwal
Dr. Navdeep Dhaliwal
Dr. Donald Hainer
Complete DENTAL CARE
Ph: 253-854-2714
SUITE #1, 10725 SE 256TH ST, KENT, WA

# ਇਰਾਨ ਅਤੇ ਅਮਰੀਕਾ ਵਿਚਕਾਰ ਕਿਹਨਾਂ ਸ਼ਰਤਾਂ 'ਤੇ ਹੋਇਆ ਸਮਝੌਤਾ

ਇਸਲਾਮਾਬਾਦ:ਜੰਗ ਨੂੰ ਰੋਕਣ ਲਈ ਅਮਰੀਕਾ ਅਤੇ ਇਰਾਨ ਵਿਚਾਲੇ ਸ਼ਾਂਤੀ ਸਮਝੌਤਾ ਹੋ ਗਿਆ ਹੈ। ਪਾਕਿਸਤਾਨ, ਕਤਰ ਅਤੇ ਤੁਰਕੀ ਦੀ ਵਿਚੋਲਗੀ ਨਾਲ ਤਿਆਰ ਕੀਤੇ ਗਏ ਇਸ 14-ਨੁਕਾਤੀ ਸ਼ਾਂਤੀ ਸਮਝੌਤੇ ਦੇ ਖਰੜੇ ਨੂੰ ਦੋਵਾਂ ਦੇਸ਼ਾਂ ਨੇ ਪ੍ਰਵਾਨ ਕਰ ਲਿਆ ਹੈ।ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ-ਇਰਾਨ ਵਿਚਾਲੇ ਇਸ ਇਤਿਹਾਸਕ ਸਮਝੌਤੇ ਦੀਆਂ ਜਿਹੜੀਆਂ 14 ਸ਼ਰਤਾਂ ਹਨ, ਉਹ ਹਨ ਸਾਰੇ ਮੋਰਚਿਆਂ'ਤੇ ਤੁਰੰਤ ਜੰਗਬੰਦੀ ਲਿਬਨਾਨ 'ਚ ਹਿਜ਼ਬੁੱਲ੍ਹਾ -ਇਜ਼ਰਾਈਲ ਸਣੇ ਸਮੇਤ ਸਾਰੇ ਖੇਤਰੀ ਮੋਰਚਿਆਂ 'ਤੇ ਫ਼ੌਜੀ ਕਾਰਵਾਈਆਂ ਨੂੰ ਤੁਰੰਤ ਅਤੇ ਹਮੇਸ਼ਾ ਲਈ ਰੋਕਿਆ ਜਾਵੇਗਾ।ਅਮਰੀਕਾ ਵੱਲੋਂ ਇਰਾਨੀ ਬੰਦਰਗਾਹਾਂ 'ਤੇ ਕੀਤੀ ਗਈ ਸਮੁੰਦਰੀ ਨਾਕਾਬੰਦੀ ਨੂੰ ਅਗਲੇ 30 ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਹਟਾਇਆ ਜਾਵੇਗਾ।ਅਮਰੀਕਾ ਇਰਾਨ ਦੇ ਆਲੇ-ਦੁਆਲੇ ਦੇ ਖੇਤਰਾਂ ਅਤੇ ਬੇਸਾਂ ਤੋਂ ਆਪਣੀਆਂ ਫ਼ੌਜੀ ਤਾਇਨਾਤੀਆਂ ਨੂੰ ਘਟਾਵੇਗਾ।ਅਮਰੀਕਾ ਭਵਿੱਖ 'ਚ ਵੀ ਮਿਡਲ ਈਸਟ ਖੇਤਰ 'ਚ ਆਪਣੀ ਫ਼ੌਜੀ ਮੌਜੂਦਗੀ ਨਹੀਂ ਵਧਾਏਗਾ ਅਤੇ ਨਾ ਹੀ ਗੱਲਬਾਤ ਦੌਰਾਨ ਕੋਈ ਨਵੀਂ ਫ਼ੌਜੀ ਕਾਰਵਾਈ ਕਰੇਗਾ।ਅਮਰੀਕਾ ਇਰਾਨ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਅੰਦਾਜ਼ੀ ਨਾ ਕਰਨ ਅਤੇ ਉਸ ਦੀ ਪ੍ਰਭੂਸੱਤਾ ਦਾ ਸਨਮਾਨ ਕਰੇਗਾ।ਇਰਾਨ ਦੇ ਕੱਚੇ ਤੇਲ, ਪੈਟਰੋ ਕੈਮੀਕਲ ਉਤਪਾਦਾਂ ਅਤੇ ਊਰਜਾ ਨਿਰਯਾਤ 'ਤੇ ਲੱਗੀਆਂ ਆਰਥਿਕ ਪਾਬੰਦੀਆਂ ਨੂੰ ਅਸਥਾਈ ਰੂਪ ਵਿੱਚ ਮੁਅੱਤਲ ਕੀਤਾ ਜਾਵੇਗਾ।ਇਰਾਨ ਨੂੰ ਆਪਣੇ ਊਰਜਾ ਨਿਰਯਾਤ ਤੋਂ ਹੋਣ ਵਾਲੀ ਸਾਰੀ ਕਮਾਈ ਨੂੰ ਕੌਮਾਂਤਰੀ ਬੈਂਕਾਂ ਰਾਹੀਂ ਸਿੱਧਾ ਵਰਤਣ ਦੀ ਇਜਾਜ਼ਤ ਹੋਵੇਗੀ।ਅਮਰੀਕਾ ਅਤੇ ਅੰਤਰਰਾਸ਼ਟਰੀ ਬੈਂਕਾਂ 'ਚ ਫ੍ਰੀਜ਼ ਕੀਤੇ ਗਏ ਇਰਾਨ ਦੇ 24 ਬਿਲੀਅਨ ਡਾਲਰ ਦੇ ਫੰਡਾਂ ਨੂੰ ਰਿਲੀਜ਼ ਕੀਤਾ ਜਾਵੇਗਾ।ਜੰਗ ਦੇਨੁਕਸਾਨ ਦੀ ਭਰਪਾਈ ਅਤੇ ਆਰਥਿਕ ਵਿਕਾਸ ਲਈ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ ਇਰਾਨ ਲਈ ਘੱਟੋ-ਘੱਟ 300 ਬਿਲੀਅਨ ਡਾਲਰ ਦੇ ਮੁੜ-ਨਿਰਮਾਣ ਪੈਕੇਜ ਦੀ ਯੋਜਨਾ ਪੇਸ਼ ਇਰਾਨ ਪਰਮਾਣੂ ਹਥਿਆਰਾਂ ਦੀ ਨਿਊਕਲੀਅਰ ਨਾਨ-ਪ੍ਰੋਲਿਫਿਰੇਸ਼ਨ ਟ੍ਰੀਟੀ ਤਹਿਤ  ਆਪਣੀ ਵਚਨਬੱਧਤਾ ਦੁਹਰਾਏਗਾ ਕਿ ਉਹ



ਕੋਈ ਪਰਮਾਣੂ ਬੰਬ ਨਹੀਂ ਬਣਾਏਗਾ।ਅੰਤਿਮ ਫ਼ੈਸਲੇ ਤੱਕ ਇਰਾਨ ਆਪਣੇ ਪਰਮਾਣੂ ਪ੍ਰੋਗਰਾਮ ਦਾ ਵਿਸਥਾਰ ਨਹੀਂ ਕਰੇਗਾ ਅਤੇ ਆਪਣੇ ਕੋਲ ਮੌਜੂਦ ਐਨਰਿਚਡ ਯੂਰੇਨੀਅਮ ਦਾ ਨਿਪਟਾਰਾ ਦੇਸ਼ ਦੇ ਅੰਦਰ ਹੀ ਕਰੇਗਾ।19 ਜੂਨ ਨੂੰ ਇਸ ਸ਼ਾਂਤੀ ਸਮਝੌਤੇ 'ਤੇ ਦਸਤਖਤ ਹੋਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਪਰਮਾਣੂ ਮੁੱਦਿਆਂ ਅਤੇ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਹਟਾਉਣ ਲਈ 60 ਦਿਨਾਂ ਦੀ ਵਿਸਥਾਰਿਤ ਗੱਲਬਾਤ ਦਾ ਦੌਰ ਸ਼ੁਰੂ ਹੋਵੇਗਾ ਤੇ ਤਰਤੀਬਵਾਰ ਮੀਟਿੰਗਾਂ ਮਗਰੋਂ ਇਸ ਜੰਗ ਦਾ ਸਥਾਈ ਹੱਲ ਕੱਢਿਆ ਇਸ ਸਮਝੌਤੇ ਦੀ ਸਹੀ ਤਰੀਕੇ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਇੱਕ ਸਾਂਝਾ ਨਿਗਰਾਨੀ ਸਿਸਟਮ ਬਣਾਇਆ ਜਾਵੇਗਾ ਅਤੇ ਅੰਤਿਮ ਸਮਝੌਤੇ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤੇ ਰਾਹੀਂ ਪ੍ਰਵਾਨਗੀ ਦਿੱਤੀ ਜਾਵੇਗੀ।

# ਸੁਖਬੀਰ ਬਾਦਲ ਵੱਲੋਂ 19 ਜੁਲਾਈ ਤੋਂ 'ਧਰਮ ਯੁੱਧ ਮੋਰਚਾ' ਸ਼ੁਰੂ ਕਰਨ ਦਾ ਐਲਾਨ

ਚੰਡੀਗੜ:-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਰੁੱਧ ਸੰਘਰਸ਼ ਦਾ ਰਾਹ ਅਖਤਿਆਰ ਕਰ ਲਿਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਭਗਵੰਤ ਮਾਨ ਨੂੰ ਗੁਰੂ ਦੋਖੀ ਤੇ ਪੰਥ ਦੋਖੀ ਕਰਾਰਿਆ ਹੈ, ਜਿਸ ਲਈ ਉਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ 'ਆਪ' ਨੇ ਇਕ ਮਹੀਨੇ ਵਿੱਚ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਨਾ ਹਟਾਇਆ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ 19 ਜੁਲਾਈ ਤੋਂ ਰਮ ਯੁੱਧ ਮੋਰਚਾ' ਸ਼ੁਰੂ ਕੀਤਾ ਜਾਵੇਗਾ।ਇਹ ਐਲਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਲਈ ਸਾਰੀਆਂ ਸਿੱਖ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਦੀ ਪੰਜ ਮੈਂਬਰੀ ਕਮੇਟੀ ਵੱਲੋਂ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਭਗਵੰਤ ਮਾਨ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇਗੀ।


J & S CABINET DOORS LTD

phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca




We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca

Ph:604-507-0561


# ਸਟੱਡੀ ਵੀਜ਼ੇ 'ਤੇ ਕਨੇਡਾ ਪੁੱਜੇ ਹਜ਼ਾਰਾਂ ਪੰਜਾਬੀਆਂ ਦੇ ਵੀਜ਼ੇ ਰੱਦ ਹੋਣ ਦਾ ਖਦਸ਼ਾ

ਟੋਰਾਂਟੋ- ਸਟੱਡੀ ਵੀਜ਼ੇ 'ਤੇ ਕੈਨੇਡਾ ਪੁੱਜੇ ਪੰਜਾਬੀ ਨੌਜਵਾਨ ਇਕ ਵਾਰ ਫਿਰ ਵੱਡੀਆਂ ਮੁਸ਼ਕਲਾਂ ਵਿਚ ਘਿਰਦੇ ਨਜ਼ਰ ਆ ਰਹੇ ਹਨ। ਤਿੰਨ ਪੰਜਾਬੀ ਨੌਜਵਾਨਾਂ ਵੱਲੋਂ ਕੀਤੀ ਗਈ ਇਕ ਸ਼ਰਮਨਾਕ ਕਰਤੂਤ ਕਾਰਨ ਹੁਣ ਹਜ਼ਾਰਾਂ ਹੋਰ ਪੰਜਾਬੀਆਂ ਦੇ ਵੀਜ਼ੇ ਰੱਦ ਹੋਣ ਦੀ ਨੌਬਤ ਆ ਸਕਦੀ ਹੈ। ਇਹ ਮਾਮਲਾ ਬ੍ਰਿਟਿਸ਼ ਕੋਲੰਬੀਆ ਵਿਚ ਇਕ ਬਜ਼ੁਰਗ ਜੋੜੇ ਦੇ ਕਤਲ ਨਾਲ ਜੁੜਿਆ ਹੋਇਆ ਹੈ, ਜਿਸ ਤੋਂ ਬਾਅਦ ਇਮੀਗ੍ਰੇਸ਼ਨ ਨਿਯਮਾਂ ਨੂੰ ਲੈ ਕੇ ਵੱਡੀ ਚਰਚਾ ਛਿੜ ਗਈ ਹੈ।ਜਾਣਕਾਰੀ ਅਨੁਸਾਰ ਐਬਟਸਫੋਰਡ ਸ਼ਹਿਰ ਵਿਚ 9 ਮਈ, 2022 ਨੂੰ 77 ਸਾਲਾ ਆਰਨੌਲਡ ਅਤੇ 76 ਸਾਲਾ ਜੋਆਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਗੁਰਕਰਨ ਸਿੰਘ (20), ਅਭਿਜੀਤ ਸਿੰਘ (22) ਅਤੇ ਖੁਸ਼ਵੀਰ ਤੂਰ (22) ਨੂੰ ਦੋਸ਼ੀ ਪਾਇਆ ਗਿਆ ਹੈ। ਜਾਂਚ ਵਿਚ ਸਾਹਮਣੇ ਆਇਆ ਕਿ ਗੁਰਕਰਨ ਸਿੰਘ ਸਿਰਫ਼ 24 ਦਿਨ ਪਹਿਲਾਂ ਹੀ ਸਟੱਡੀ ਵੀਜ਼ੇ 'ਤੇ ਕੈਨੇਡਾ ਪਹੁੰਚਿਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਇਕ ਨੌਜਵਾਨ ਨੇ ਕਦੇ ਕਾਲਜ ਦਾ ਮੂੰਹ ਤੱਕ ਨਹੀਂ ਸੀ ਦੇਖਿਆ।ਕਤਲ ਕੀਤੇ ਗਏ ਜੋੜੇ ਦੀਆਂ ਧੀਆਂ ਸੈਂਡਰਾ ਬਾਰਥਲ ਅਤੇ ਹੈਦਰ ਹੂਗਲੈਂਡ ਨੇ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀਆਂ 'ਚੋਰ ਮੋਰੀਆਂ' ਨੂੰ ਇਸ ਵਾਰਦਾਤ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ ਇਹ ਨੌਜਵਾਨ ਕਾਲਜ ਨਹੀਂ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਤੁਰੰਤ ਡਿਪੋਰਟ ਕਿਉਂ ਨਹੀਂ ਕੀਤਾ ਗਿਆ। ਹੈਦਰ ਨੇ ਭਰੇ ਮਨ ਨਾਲ ਕਿਹਾ, "ਜੇਕਰ ਉਨ੍ਹਾਂ ਨੂੰ ਕੈਨੇਡਾ ਵਿਚੋਂ ਬਾਹਰ ਕੱਢਿਆ ਹੁੰਦਾ, ਤਾਂ ਸਾਡੇ ਮਾਤਾ-ਪਿਤਾ ਅੱਜ ਜਿਊਂਦੇ ਹੁੰਦੇ"। ਸੈਂਡਰਾ ਨੇ ਇਲਜ਼ਾਮ ਲਾਇਆ ਕਿ ਕੁਝ ਲੋਕ ਸਿਰਫ਼ ਅਪਰਾਧ ਕਰਨ ਦੇ ਮਕਸਦ ਨਾਲ ਕੈਨੇਡਾ ਆ ਰਹੇ ਹਨ।ਇਸ ਘਟਨਾ ਤੋਂ ਬਾਅਦ ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਐਬ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨ ਤੋਂ ਪਹਿਲਾਂ ਜੇਲ੍ਹ ਵਿਚ ਰੱਖਿਆ ਜਾਂਦਾ ਹੈ। ਸਰਕਾਰ ਨੇ ਹੁਣ ਨਵੇਂ ਕ੍ਰਿਮੀਨਲ ਜਸਟਿਸ ਬਿੱਲ ਪੇਸ਼ ਕੀਤੇ ਹਨ ਅਤੇ ਕਾਲਜਾਂ-ਯੂਨੀਵਰਸਿਟੀਆਂ ਲਈ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਉਹ ਗੈਰ-ਹਾਜ਼ਰ ਰਹਿਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜਾਣਕਾਰੀ ਸਾਲ ਵਿਚ ਦੋ ਵਾਰ ਸਰਕਾਰ ਨਾਲ ਸਾਂਝੀ ਕਰਨ। ਇਸ ਘਟਨਾ ਨੇ ਜਿੱਥੇ ਕੈਨੇਡੀਅਨ ਸਰਕਾਰ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ, ਉੱਥੇ ਹੀ ਪੂਰੇ ਪੰਜਾਬੀ ਭਾਈਚਾਰੇ ਦੇ ਅਕਸ ਨੂੰ ਵੀ ਸੱਟ ਮਾਰੀ ਹੈ।

# ਏਪੀ ਢਿੱਲੋਂ ਦੇ ਘਰ 'ਤੇ ਹਮਲੇ ਦਾ ਮੁਲਜ਼ਮ ਕਨੇਡਾ ਤੋਂ ਵਾਪਸ ਭੇਜਿਆ ਜਾਵੇਗਾ

ਚੰਡੀਗੜ੍ਹ:ਕੈਨੇਡਾ ਦੇ ਇਮੀਗ੍ਰੇਸ਼ਨ ਐਂਡ ਰਿਫ਼ਊਜੀ ਬੋਰਡ (ਆਈਆਰਬੀ) 'ਨੇ ਬਿਸ਼ਨੋਈ ਗਰੋਹ ਨਾਲ ਸਬੰਧਤ ਇਕ ਭਾਰਤੀ ਨਾਗਰਿਕ ਨੂੰ ਅਪਰਾਧਕ ਸੰਗਠਨ ਦਾ ਮੈਂਬਰ ਕਰਾਰ ਦਿੰਦਿਆਂ ਉਸ ਵਿਰੁਧ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਹਨ। ਅਭਜੀਤ ਕਿੰਗਰਾ ਨਾਮਕ ਇਹ ਵਿਅਕਤੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ' ਆਇਆ ਸੀ। ਆਈ ਆਰ ਬੀ ਨੇ ਅਪਣੇ ਫ਼ੈਸਲੇ ਵਿਚ ਕਿਹਾ ਕਿ ਕਿੰਗਰਾ ਨੇ ਬਿਸ਼ਨੋਈ ਗਰੋਹ ਦੇ ਕਹਿਣ 'ਤੇ ਬ੍ਰਿਟਿਸ਼ ਕੋਲੰਬੀਆ ਦੇ ਕੋਲਵੁੱਡ ਸ਼ਹਿਰ ਵਿਚ ਇਕ ਘਰ ਉਤੇ 14 ਗੋਲੀਆਂ ਚਲਾਈਆਂ ਸਨ, ਜਦਕਿ ਉਸ ਦੇ ਇਕ ਸਾਥੀ ਨੇ ਘਰ ਮਾਲਕਾਂ ਦੀਆਂ ਗੱਡੀਆਂ ਨੂੰ ਅੱਗ ਲਗਾ ਦਿਤੀ ਸੀ। ਦੋਵਾਂ ਉਤੇ ਸਰੀ ਵਿਚ ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਦੇ ਦੋਸ਼ ਵੀ ਹਨ।ਇਹ ਕਾਰਵਾਈ ਕੈਨੇਡਾ ਭਰ ਵਿਚ ਵਸੂਲੀ ਨਾਲ ਜੁੜੇ ਗਰੋਹਾਂ ਵਿਰੁਧ ਚਲ ਰਹੀ ਮੁਹਿੰਮ ਦਾ ਹਿੱਸਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਮੁਤਾਬਕ ਇਸ ਸਬੰਧੀ 400 ਤੋਂ ਵੱਧ ਜਾਂਚਾਂ ਸ਼ੁਰੂ ਕੀਤੀਆਂ ਹਨ।


HOME · AUTO · TRAVEL · BUSINESS · CARGO · FLEET · PRORATE

SCOTT ROAD INSURANCE

"For all your insurance needs."

Scott Road Insurance

Open 7 Days a Week
ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ

ICBC autoplan

- Autoplan/cars Insurance
- Homeowner Insurance
- Rental Homes Insurance
- Trucking & Cargo Insurance
- Fleet & Prorate Insurance
- Travel Insurance
- Medical Insurance
- Business Liability Insurance
- Commercial Insurance
- Construction Insurance
- Strata Property Insurance
- Tenant insurance

INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YR |
| $550,000 | $385,000 | 1 Million | $346 /YR |
| $650,000 | $455,000 | 1 Million | $407 /YR |
| $750,000 | $525,000 | 1 Million | $467 /YR |

Discounts may vary due to individual circumstances and policy requirements.Rates subject to change without notice. *Above Rates Includes:* Senior Discount, Claims Free Discount, New Home Discount, Mortgage Free Discount, Home Production Discount



Avtar S. Gill
CEO

Special Rates For **Super Visa Insurance**
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ ਅਤੇ ਵੀਜ਼ਾ ਨਾ ਮਿਲਣ ਤੇ ਪੈਸੇ ਵਾਪਸ ਕਰਦੇ ਹਾਂ

We Specialize in:
Cargo, Prorate & Fleet Insurance
We help in setting up new trucking companies
ਟੱਰਕਾਂ ਅਤੇ ਟਰੇਲਰਾਂ ਦੇ ਫਾਇਨਾਂਸ ਲਈ ਮਦਦ ਕਰਦੇ ਹਾਂ

7130-120 St. (Satnam Plaza) Surrey, Ph: 604-597-2700, Fax: 604-597-2900, www.scottroadinsurance.com

# 1.13 ਲੱਖ ਨੂੰ ਮਿਲੀ PR, 80 ਹਜ਼ਾਰ ਤੋਂ ਵੱਧ ਸਿਟੀਜ਼ਨ ਬਣੇ

ਟੋਰਾਂਟੋ: ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਤੇਜ਼ੀ ਨਾਲ ਖ਼ਤਮ ਕਰਨ ਵੱਲ ਕਦਮ ਵਧਾਉਂਦਿਆਂ ਕੈਨੇਡਾ ਸਰਕਾਰ ਨੇ ਮੌਜੂਦਾ ਵਰ੍ਹੇ ਦੇ ਪਹਿਲੇ ਚਾਰ ਮਹੀਨੇ ਦੌਰਾਨ 1 ਲੱਖ 12 ਹਜ਼ਾਰ 900 ਨਵੇਂ ਪਰਮਾਨੈਂਟ ਰੈਜ਼ੀਡੈਂਟਸ ਦਾ ਸਵਾਗਤ ਕੀਤਾ ਅਤੇ ਇੰਟਰਨੈਸ਼ਨਲ ਸਟੂਡੈਂਟਸ ਦੀ ਆਮਦ ਵਿਚ 84 ਫ਼ੀ ਸਦੀ ਕਟੌਤੀ ਕਰ ਦਿਤੀ। ਆਈ.ਆਰ.ਸੀ.ਸੀ. ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਸਿਰਫ਼ ਅਪ੍ਰੈਲ ਮਹੀਨੇ ਦੌਰਾਨ 24,200 ਪ੍ਰਵਾਸੀਆਂ ਨੂੰ ਕੈਨੇਡੀਅਨ ਸਿਟੀਜ਼ਨਸ਼ਿਪ ਦਿਤੀ ਗਈ ਅਤੇ 2 ਲੱਖ 73 ਹਜ਼ਾਰ 800 ਸਿਟੀਜ਼ਨਸ਼ਿਪ ਅਰਜ਼ੀਆਂ ਵਿਚਾਰ ਅਧੀਨ ਹਨ। ਦੂਜੇ ਪਾਸੇ 1 ਜਨਵਰੀ ਤੋਂ 30 ਅਪ੍ਰੈਲ ਤੱਕ 1 ਲੱਖ 45 ਹਜ਼ਾਰ ਸਟੱਡੀ ਵੀਜ਼ਾ ਐਪਲੀਕੇਸ਼ਨਜ਼ ਅਤੇ 6 ਲੱਖ 18 ਹਜ਼ਾਰ ਵਰਕ ਪਰਮਿਟ ਅਰਜ਼ੀਆਂ ਦਾ ਨਿਪਟਾਰਾ ਕਰ ਦਿਤਾ ਗਿਆ। ਵਿਜ਼ਟਰ ਵੀਜ਼ਾ ਅਰਜ਼ੀਆਂ ਦਾ ਬੈਕਲਾਗ 46 ਫ਼ੀ ਸਦੀ ਤੋਂ ਘਟ ਕੇ 45 ਫ਼ੀ ਸਦੀ ’ਤੇ ਆ ਗਿਆ ਹੈ ਪਰ ਭਾਰਤ ਤੋਂ ਆਉਣ ਵਾਲੀਆਂ ਅਰਜ਼ੀਆਂ ਦੇ ਮਾਮਲੇ ਵਿਚ ਸਿਰਫ਼ 24 ਦਿਨ ਦੇ ਅੰਦਰ ਹਾਂ ਜਾਂ ਨਾਂਹ ਕੀਤੀ ਜਾ ਰਹੀ ਹੈ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA
www.vijayjewellersseattle.com vijayjewellersinc@gmail.com

# 23 ਜੂਨ 1985:ਏਅਰ ਇੰਡੀਆ ਦੁਖਾਂਤ ਬਾਰੇ ਲਿਖਤਾਂ ‘ਚ ਸਨਸਨੀਖ਼ੇਜ਼ ਖ਼ੁਲਾਸੇ

**ਡਾ. ਗੁਰਵਿੰਦਰ ਸਿੰਘ**

ਏਅਰ ਇੰਡੀਆ ਬੰਬ ਧਮਾਕੇ ਦਾ ਦੁਖਾਂਤ ਵਾਪਰਿਆਂ 41 ਵਰ੍ਹੇ ਹੋ ਗਏ ਹਨ, ਪਰ ਅਜੇ ਤੱਕ ਪੀੜਤਾਂ ਨੂੰ ਇਨਸਾਫ ਨਹੀਂ ਮਿਲਿਆ। ਅਜੇ ਵੀ ਇਹ ਸਵਾਲ ਹਵਾ ਵਿੱਚ ਲਟਕ ਰਿਹਾ ਹੈ ਕਿ ਇਸ ਦੁਖਾਂਤ ਦਾ ਮੁੱਖ ਸਾਜਿਸ਼-ਘਾੜਾ ਕੌਣ ਹੈ। 23 ਜੂਨ, 1985 ਦੇ ਦਿਨ, ਮੌਂਟਰੀਅਲ-ਨਵੀਂ ਦਿੱਲੀ ਜਾ ਰਹੀ ਏਅਰ ਇੰਡੀਆ ਕਨਿਸ਼ਕ ਉਡਾਣ 182 ਵਿੱਚ ਬਰਤਾਨੀਆ ਦੇ ਹੀਥਰੋ ਹਵਾਈ ਅੱਡੇ ’ਤੇ ਉਤਰਨ ਤੋਂ 45 ਮਿੰਟ ਪਹਿਲਾਂ, ਆਇਰਲੈਂਡ ‘ਚ ਬੰਬ ਧਮਾਕਾ ਹੋਇਆ ਸੀ, ਜਿਸ ’ਚ ਜਹਾਜ਼ ਵਿੱਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਇਨ੍ਹਾਂ ’ਚ ਘੱਟੋ-ਘੱਟ 268 ਕੈਨੇਡੀਅਨ ਨਾਗਰਿਕ ਸਨ, ਜਿਨ੍ਹਾਂ ’ਚੋਂ ਵਧੇਰੇ ਭਾਰਤੀ ਮੂਲ ਦੇ ਸਨ। ਇਹ ਕੈਨੇਡਾ ਦੇ ਇਤਿਹਾਸ ਦਾ ਸਭ ਤੋਂ ਦਰਦਨਾਕ ਦਹਿਸ਼ਤਗਰਦੀ ਹਮਲਾ ਅਤੇ ਅਣਮਨੁੱਖੀ ਕਾਰਾ ਸੀ। ਦੁਖਦਾਇਕ ਗੱਲ ਇਹ ਹੈ ਕਿ 41 ਸਾਲ ਬੀਤਣ ਦੇ ਬਾਵਜੂਦ ਨਾ ਤਾਂ ਭਾਰਤ ਨੇ ਕਦੇ ਏਅਰ ਇੰਡੀਆ ਬੰਬ ਧਮਾਕੇ ਦੇ ਦੁਖਾਂਤ ਦੀ ਮੁਕੰਮਲ ਜਾਂਚ ਦਾ ਜ਼ੋਰ ਪਾਇਆ ਅਤੇ ਨਾ ਹੀ ਕੈਨੇਡਾ ਨੇ ਸੁਹਿਰਦਤਾ ਨਾਲ ਇਹ ਜਾਂਚ ਕੀਤੀ। ਰੋਇਲ ਕੈਨੇਡੀਅਨ ਮੌਂਟੇਡ ਪੁਲਿਸ ਵੱਲੋਂ ਸੰਨ 2000 ਵਿੱਚ ਏਅਰ ਇੰਡੀਆ ਕੇਸ ਵਿੱਚ ਗ੍ਰਿਫਤਾਰ ਕੀਤੇ ਗਏ ਰਿਪਦਮਨ ਸਿੰਘ ਮਲਿਕ ਅਤੇ ਅਜੈਬ ਸਿੰਘ ਬਾਗੜੀ ਨੂੰ ਕੈਨੇਡਾ ਦੀ ਅਦਾਲਤ ਨੇ ਬਰੀ ਕਰ ਦਿੱਤਾ ਸੀ, ਜਦ ਕਿ ਇੱਕੋ ਇੱਕ ਵਿਅਕਤੀ ਇੰਦਰਜੀਤ ਸਿੰਘ ਰਿਆਤ ਨੂੰ ਸਜ਼ਾ ਸੁਣਾਈ ਸੀ। ਬੰਬ ਧਮਾਕੇ ਦੇ ਮਾਮਲੇ ਦੇ ਸ਼ੁਰੂਆਤੀ ਦੌਰ ਵਿੱਚ ਬੱਬਰ ਖਾਲਸਾ ਆਗੂ ਤਲਵਿੰਦਰ ਸਿੰਘ ਬਬਰ ਨੂੰ ਕੈਨੇਡਾ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ, ਪਰ ਮਗਰੋਂ ਰਿਹਾਅ ਕਰ ਦਿੱਤਾ ਗਿਆ ਸੀ। ਬਾਅਦ ਵਿਚ ਜਦੋਂ ਤਲਵਿੰਦਰ ਸਿੰਘ ਬਬਰ ਕੈਨੇਡਾ ਤੋਂ ਪਾਕਿਸਤਾਨ ਅਤੇ ਕਾਠਮੰਡੂ ਹੁੰਦਾ ਹੋਇਆ, ਭਾਰਤ ਪਹੁੰਚਿਆ, ਤਾਂ 7 ਅਕਤੂਬਰ 1992 ’ਚ ਭਾਰਤੀ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ, ਉਸ ਉੱਪਰ ਸੱਤ ਦਿਨ ਤਸ਼ਦਦ ਕਰਨ ਮਗਰੋਂ 14 ਅਕਤੂਬਰ 1992 ਨੂੰ ਉਸ ਨੂੰ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਖ਼ਤਮ ਕਰ ਦਿੱਤਾ। ਸਵਾਲ ਇਹ ਹੈ ਕਿ ਤਲਵਿੰਦਰ ਸਿੰਘ ਬਬਰ ਕੈਨੇਡਾ ਦਾ ਨਾਗਰਿਕ ਸੀ, ਪਰ ਭਾਰਤ ਨੇ ਉਸ ਨੂੰ ਕੈਨੇਡਾ ਦੇ ਹਵਾਲੇ ਕਿਉਂ ਨਹੀਂ ਕੀਤਾ ਅਤੇ ਕੈਨੇਡਾ ਨੇ ਵੀ ਆਪਣੇ ਨਾਗਰਿਕ ਦੇ ਭਾਰਤੀ ਪੁਲਿਸ ਵੱਲੋਂ ਝੂਠੇ ਮੁਕਾਬਲੇ ਦੇ ਮਸਲੇ ਨੂੰ ਕਿਉਂ ਨਹੀਂ ਉਠਾਇਆ? ਜੇਕਰ ਤਲਵਿੰਦਰ ਸਿੰਘ ਬਬਰ ਏਅਰ ਇੰਡੀਆ ਦੁਖਾਂਤ ਦਾ ਮੁਖ ਸਾਜਿਸ਼ ਘਾੜਾ ਸੀ, ਤਾਂ ਫਿਰ ਉਸਨੂੰ ਖਤਮ ਕਿਉਂ ਕੀਤਾ ਗਿਆ, ਪੜਤਾਲ ਕਿਉਂ ਨਹੀਂ ਕਰਵਾਈ ਗਈ? ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਦੀ ਸਰਕਾਰ ਅਤੇ ਪੁਲਿਸ ਇਸ ਘਿਣਾਉਣੇ ਕਾਰੇ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਸੀ, ਕਿਉਂਕਿ ਏਅਰ ਇੰਡੀਆ ਬੰਬ ਧਮਾਕੇ ਦਾ ‘ਅਸਲ ਸਾਜਿਸ਼ ਘਾੜਾ ਕੋਈ ਹੋਰ’ ਸੀ, ਜੋ ਭਾਰਤੀ ਖੁਫੀਆ ਤੰਤਰ ਨੂੰ ਦਿਸ਼ਾ- ਨਿਰਦੇਸ਼ ਦੇ ਰਿਹਾ ਸੀ। ਹਕੀਕਤ ਇਹ ਹੈ ਕਿ ਜੂਨ 1984 ਵਿੱਚ ਦਰਬਾਰ ਸਾਹਿਬ ਉੱਪਰ ਭਾਰਤ ਸਰਕਾਰ ਵੱਲੋਂ ਆਪਣੀਆਂ ਫੌਜਾਂ ਰਾਹੀਂ ਕੀਤੇ ਹਮਲੇ ਮਗਰੋਂ, ਦੁਨੀਆਂ ਭਰ ਵਿੱਚ ਸਿੱਖ ਕੌਮ ਨੂੰ ‘ਪੀੜਤ’ ਮੰਨਿਆ ਜਾ ਰਿਹਾ ਸੀ, ਪਰ ਇੱਕ ਸਾਲ ਦੇ ਵਿਚ-ਵਿਚ




ਹੀ ਸਿੱਖਾਂ ਦਾ ਬਿਰਤਾਂਤ ਬਦਲਣਾ ਅਤੇ ਸਾਜਿਸ਼ੀ ਢੰਗ ਨਾਲ ਏਜੰਸੀਆਂ ਵੱਲੋਂ ਏਅਰ ਇੰਡੀਆ ਬੰਬ ਧਮਾਕਾ ਕੀਤਾ ਜਾਣਾ, ਸਿੱਖਾਂ ਨੂੰ ਬਦਨਾਮ ਕਰਨ ਦੀ ਕੋਝੀ ਸਾਜਿਸ਼ ਸੀ। ਸਿਤਮਜ਼ਰੀਫੀ ਇਹ ਹੈ ਕਿ ਇਸ ਧਮਾਕੇ ਵਿਚ ਮਾਰੇ ਜਾਣ ਵਾਲੇ ਬਹੁਤਾਤ ਕੈਨੇਡੀਅਨ ਹੋਣ ਦੇ ਬਾਵਜੂਦ, ਕੈਨੇਡਾ ਨੇ ਵੀ ਇਸ ਨੂੰ ‘ਕੈਨੇਡੀਅਨ ਦੁਖਾਂਤ’ ਨਹੀਂ ਸਮਝਿਆ ਤੇ ਮੁਕੰਮਲ ਸੱਚਾਈ ਸਾਹਮਣੇ ਨਹੀਂ ਲਿਆਂਦੀ। ਬੇਸ਼ੱਕ ਇਸ ਮਾਮਲੇ ਵਿੱਚ ਕੈਨੇਡਾ ਦੇ ਰਿਟਾਇਰਡ ਜੱਜ ਜੌਹਨ ਮੇਜਰ ਦੀ ਅਗਵਾਈ ਵਿੱਚ ਲੰਮਾ ਮੁਕਦਮਾ ਚੱਲਿਆ, ਪਰ ਬਹੁਤ ਸਾਰੇ ਪੱਖਾਂ ਤੋਂ ਘੋਖ ਪੜਤਾਲ ਮਗਰੋਂ ਪਤਾ ਲੱਗਦਾ ਹੈ ਕਿ ਜਸਟਿਸ ਮੇਜਰ ਦੀ ਜਾਂਚ ਮੁਕੰਮਲ ਨਹੀਂ ਕਹੀ ਜਾ ਸਕਦੀ। ਇਸ ਲੇਖ ਰਾਹੀਂ ਵੱਖ-ਵੱਖ ਲੇਖਕਾਂ ਦੀਆਂ ਏਅਰ ਇੰਡੀਆ ਦੁਖਾਂਤ ਬਾਰੇ ਚਰਚਿਤ ਕਿਤਾਬਾਂ ਅਤੇ ਅਖਬਾਰੀ ਲਿਖਤਾਂ ਨੂੰ ਧਿਆਨ ਵਿੱਚ ਰੱਖਦਿਆਂ, ਉਹਨਾਂ ਵਿਚਲੇ ਸਨਸਨੀਖ਼ੇਜ਼ ਖ਼ੁਲਾਸੇ ਸਾਂਝੇ ਕਰਨ ਦਾ ਯਤਨ ਕੀਤਾ ਗਿਆ ਹੈ।ਲੇਖਕ ਜ਼ੁਹੈਰ ਕਸ਼ਮੀਰੀ ਤੇ ਬਰਾਇਨ ਮੈਕ ਐਂਡਰਿਊ ਦੀ ਕਿਤਾਬ ‘ਸੋਫਟ ਟਾਰਗਟ: ਹਓ ਦਾ ਇੰਡੀਅਨ ਇੰਟੈਲੀਜੈਂਸ ਸਰਵਸਿਸ ਪੈਨੀਟਰੇਟਿਡ ਕੈਨੇਡਾ’ ‘Soft Target: How the Indian Inteliligence Service Penetrated Canada’ Zuhiar Kashmeir (The Globe and Mail) & Brian McAndrew The Toronto Star, Authors ) ਏਅਰ ਇੰਡੀਆ ਬੰਬ ਧਮਾਕੇ ਦੇ ਦੁਖਾਂਤ ਬਾਰੇ ਲੇਖਕ ਤੇ ਪੱਤਰਕਾਰ ਜ਼ੁਹੈਰ ਕਸ਼ਮੀਰੀ ਦੀ ਕਿਤਾਬ ‘ਸਾਫਟ ਟਾਰਗੇਟ’ ਖੋਜ ਭਰਪੂਰ ਹੈ, ਇਸ ਰਾਹੀਂ ਪੱਤਰਕਾਰ ਨੇ ਗੁੱਝੇ ਭੇਦ ਅਤੇ ਲੁਕਵੇਂ ਸੱਚ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਜ਼ੁਹੈਰ ਕਸ਼ਮੀਰੀ ਨੇ ਆਪਣੀਆਂ ਖਬਰਾਂ ਤੇ ਲੇਖਾਂ ਰਾਹੀਂ ਇਹ ਗੱਲ ਸਾਹਮਣੇ ਲਿਆਂਦੀ ਕਿ ਭਾਰਤ ਸਰਕਾਰ ਕੈਨੇਡਾ ਵਿਚ ਇਕ ਖ਼ੁਫ਼ੀਆ ਮੁਹਿੰਮ ਚਲਾ ਕੇ, ਸਿੱਖਾਂ ਨੂੰ ਬਦਨਾਮ ਕਰਨ ਦੀਆਂ ਚਾਲਾਂ ਚਲ ਰਹੀ ਸੀ। 23 ਜੂਨ 1985 ਨੂੰ ਹੋਏ ਇੰਡੀਆ ਬੰਬ ਧਮਾਕੇ ਤੋਂ ਚਾਰ ਸਾਲ ਬਾਅਦ ਉਸ ਨੇ ਆਪਣੇ ਸਾਥੀ ਪੱਤਰਕਾਰ ਨਾਲ ਮਿਲ ਕੇ ‘ਸੁਖਾਲਾ ਨਿਸ਼ਾਨਾ: ਭਾਰਤੀ ਖ਼ੂਫੀਆ ਏਜੰਸੀਆਂ ਦੀ ਕੈਨੇਡਾ ਵਿਚ ਦਖਲ ਅੰਦਾਜ਼ੀ’ ਨਾਂ ਦੀ ਕਿਤਾਬ ਲਿਖੀ, (ਬਾਕੀ ਸਫਾ ਏ30 ਤੇ)

## ਪੰਜਾਬ ਬੀਜੇਪੀ ਦਾ ਕਾਨੂੰਨੀ ਸਲਾਹਕਾਰ’ ਨਸ਼ਿਆਂ ਸਮੇਤ ਗ੍ਰਿਫ਼ਤਾਰ

ਬਠਿੰਡਾ: ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ “ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਤਹਿਤ ਬਠਿੰਡਾ ਪੁਲਿਸ ਨੂੰ ਇੱਕ ਅਹਿਮ ਸਫਲਤਾ ਮਿਲੀ ਹੈ। ਪੁਲਿਸ ਨੇ ਇੱਕ ਵਕੀਲ ਅਤੇ ਉਸ ਦੇ ਸਹਿਯੋਗੀ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਬਠਿੰਡਾ ਦੇ ਪੁਲਿਸ ਸੁਪਰਡੈਂਟ ਨਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਲਾਸ਼ੀ ਦੌਰਾਨ ਪੁਲਿਸ ਨੂੰ 13.5 ਗ੍ਰਾਮ ‘ਆਈਸ’ (ਕ੍ਰਿਸਟਲ ਮੈਥਐਮਫੈਟਾਮਾਈਨ) ਅਤੇ 14 ਗ੍ਰਾਮ ਹੈਰੋਇਨ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਵਿਅਕਤੀਆਂ ਨੂੰ ਮੌਕੇ ‘ਤੇ ਹੀ ਕਾਬੂ ਕਰ ਲਿਆ। ਪੁਲਿਸ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੋਹਿਤ ਸ਼ਰਮਾ ਅਤੇ ਗੁਰਪ੍ਰੀਤ ਸਿੰਘ ਉਰਫ਼ ਡਿੰਪੀ ਵਜੋਂ ਹੋਈ ਹੈ। ਰੋਹਿਤ ਸ਼ਰਮਾ ਬਠਿੰਡਾ ਅਦਾਲਤਾਂ ਵਿੱਚ ਪ੍ਰੈਕਟਿਸ ਕਰਨ ਵਾਲਾ ਵਕੀਲ ਦੱਸਿਆ ਜਾ ਰਿਹਾ ਹੈ, ਜਦਕਿ ਗੁਰਪ੍ਰੀਤ ਸਿੰਘ ਉਸ ਦਾ ਸਹਿਯੋਗੀ ਹੈ। ਅਜਿਹੇ ਦਾਅਵੇ ਵੀ ਕੀਤੇ ਜਾ ਰਹੇ ਹਨ ਕਿ ਰੋਹਿਤ ਸ਼ਰਮਾ ਕਥਿਤ ਤੌਰ ਉਤੇ ਪੰਜਾਬ ਭਾਜਪਾ ਦਾ ਕਾਨੂੰਨੀ ਸਲਾਹਕਾਰ ਵੀ ਹੈ।

## ਗੁਰਬਾਣੀ ਵੀਚਾਰ

## ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 134)

ਸ੍ਰੀ ਗੁਰੂ ਅਰਜਨ ਦੇਵ ਜੀ ‘ਬਾਰਹ ਮਾਹਾ ਮਾਂਝ’ ਦੇ ਇਸ ਪਦੇ ਵਿਚ ਹਾੜ ਮਹੀਨੇ ਦੇ ਰੁੱਤ ਵਰਣਨ ਦੇ ਪ੍ਰਥਾਏ ਮਨੁੱਖੀ ਜੀਵ-ਇਸਤਰੀ ਨੂੰ ਸੰਸਾਰਕ ਖ਼ਾਹਿਸ਼ਾਂ ਦਾ ਦਿਲੋਂ ਤਿਆਗ ਕਰਦਿਆਂ ਪਰਮਾਤਮਾ ਦੀ ਸੱਚੀ-ਸੁੱਚੀ ਪ੍ਰੇਮਾ-ਭਗਤੀ ਦਾ ਗੁਰਮਤਿ ਮਾਰਗ ਦਰਸਾਉਂਦੇ ਹਨ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਹਾੜ ਦਾ ਮਹੀਨਾ ਤਪਸ਼ ਵਾਲਾ ਉਸ ਜੀਵ ਨੂੰ ਲੱਗਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ-ਪਤੀ ਦੀ ਸੁਹਾਵੀ ਯਾਦ ਵਾਸ ਨਹੀਂ ਕਰ ਰਹੀ। ਇਸ ਮਹੀਨੇ ਤਾਪ ਉਸ ਨੂੰ ਮਹਿਸੂਸ ਹੁੰਦਾ ਹੈ, ਜਿਸ ਨੇ ਜਗਤ ‘ਤੇ ਜੀਵਨ ਦੇ ਮੂਲ ਆਧਾਰ ਸਰਬ-ਸ਼ਕਤੀਮਾਨ ਪਰਮਾਤਮਾ ਨੂੰ ਤਿਆਗ ਦਿੱਤਾ ਅਰਥਾਤ ਭੁਲਾ ਦਿੱਤਾ ਹੈ ਅਤੇ ਪਰਮਾਤਮਾ ਤੋਂ ਆਸ-ਉਮੀਦ ਨੂੰ ਫਲ ਲੱਗਣ ਦੀ ਤਵੱਕੋਂ ਛੱਡ ਕੇ ਬੰਦੇ ਵਾਲੀ ਆਸ ਰੱਖ ਲਈ ਹੈ। ਗੁਰੂ ਜੀ ਗੁਰਮਤਿ ਸਿਧਾਂਤ ਦੀ ਕਲਿਆਣਕਾਰੀ ਰਮਜ਼ ਬਖ਼ਸ਼ਿਸ਼ ਕਰਦੇ ਹਨ ਕਿ ਮਨੁੱਖ ਨੂੰ ਦੂਜੇ ਮਨੁੱਖਾਂ ਤੋਂ ਵਿਭਿੰਨ ਲੋੜਾਂ ਖ਼ਾਹਿਸ਼ਾਂ ਦੀ ਪੂਰਤੀ ਦੀ ਆਸ ਤਿਆਗ ਕੇ ਸਰਬ ਦਾਤਾਂ ਦੇ ਅਥਾਹ ਅਮੁੱਕ ਖ਼ਜ਼ਾਨੇ ਸਰਬ ਪ੍ਰਤਿਪਾਲਕ ਪਰਮਾਤਮਾ ਦੇ ਦਰ- ਘਰ ਤੋਂ ਹੀ ਆਸ ਕਰਨੀ ਚਾਹੀਦੀ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਨੂੰ ਛੱਡ ਕਿਸੇ ਦੂਸਰੇ, ਕਿਸੇ ਹੋਰ ਨਾਲ ਪਿਆਰ ਕਰਨ ‘ਚ ਖੁਆਰੀ ਹੀ ਹੈ, ਜੋ ਮਨੁੱਖ ਦੇ ਗਲ਼ ‘ਚ ਫਾਹੀ ਦੇ ਤੁਲ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਦਾ ਕੋਈ ਜੀਵ ਬੀਜ ਬੀਜਦਾ ਹੈ ਉਸ ਤਰ੍ਹਾਂ ਜੇ ਕੇ ਦੀ ਹੀ ਫ਼ਸਲ ਉਹ ਵੱਢਦਾ ਹੈ। ਚੰਗੇ ਜਾਂ ਮੰਦੇ ਕਰਮ ਨਾਲ ਇਨਸਾਨ ਦੇ ਮੱਥੇ ‘ਤੇ ਲੇਖ ਉਕਰਿਆ ਜਾਂਦਾ ਹੈ। ਚੰਗੇ ਕਰਮ ਕਮਾਉਣ ਲਈ ਪ੍ਰਾਪਤ ਜੀਵਨ ਰੂਪੀ ਰਾਤ ਮੰਦੇ ਕਰਮ ਕਮਾਇਆਂ ਗੁਆ ਲੈਣ ਪਿੱਛੋਂ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮੰਦੇ ਕਰਮ ਕਮਾ ਕੇ ਜੀਵ-ਇਸਤ੍ਰੀ ਜੀਵਨ-ਮਨੋਰਥ ਦੀ ਪੂਰਤੀ ਤੋਂ ਬਿਨਾਂ ਨਿਰਾਸ਼ ਮਨੋਸਥਿਤੀ ‘ਚ ਇਸ ਦੁਨੀਆ ਤੋਂ ਜਾਂਦੀ ਹੈ। ਉਕਤ ਪ੍ਰਚਲਿਤ ਅਣਇੱਛਤ ਵਰਤਾਰੇ ਤੋਂ ਸੁਚੇਤ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਸਾਧੂ-ਭਾਵ ਸਮਰੱਥ ਪੱਥ-ਪ੍ਰਦਰਸ਼ਕ (ਗੁਰੂ) ਮਿਲ ਪੈਂਦਾ ਹੈ ਉਹ ਪਰਮਾਤਮਾ ਦੇ ਦਰ ‘ਤੇ ਮੁਕਤ ਭਾਵ ਪ੍ਰਵਾਨ ਹੋ ਜਾਂਦੀਆਂ ਹਨ। ਹੇ ਮਾਲਕ ਪਰਮਾਤਮਾ ! ਆਪ ਜੀ ਖ਼ੁਦ ਹੀ ਮਿਹਰ ਕਰੋ ਤਾਂ ਕਿ ਭੁੱਲੀ-ਭਟਕੀ ਜੀਵ-ਇਸਤਰੀ ਨੂੰ ਆਪ ਜੀ ਦੇ ਦੀਦਾਰ ਦੀ ਤੇਹ ਲੱਗ ਜਾਵੇ। ਹੇ ਨਾਨਕ ! ਇਹੀ ਅਰਦਾਸ ਧੁਰ ਅੰਦਰੋਂ ਨਿਕਲੇ ਕਿ ਮਾਲਕ ਪਰਮਾਤਮਾ ! ਆਪ ਬਿਨਾਂ ਮੇਰਾ ਹੋਰ ਕੋਈ ਦੂਸਰਾ ਹੀ ਨਹੀਂ ਭਾਵ ਪੂਰਨ ਸਮਰਪਣ ਹੋਵੇ ! ਉਸ ਜੀਵ-ਇਸਤਰੀ ਨੂੰ ਹਾੜ ਜੈਸਾ ਸਖ਼ਤ ਗਰਮੀ ਵਾਲਾ ਮਹੀਨਾ ਵੀ ਸੁਹਾਵਣਾ ਹੈ, ਜਿਸ ਦਾ ਮਨ ਉਸ ਪਰਮਾਤਮਾ ਦੀ ਸੱਚੀ ਯਾਦ ‘ਚ ਜੀਵਨ ਦਾ ਹਰ ਪਲ ਗੁਜ਼ਾਰਦਾ ਹੈ।

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service
for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਸਾਵਰਕਰ ਨੇ ਰਹਿਮ ਦੀਆਂ ਅਪੀਲਾਂ ਦਾਇਰ ਕੀਤੀਆਂ ਪਰ ਭਗਤ ਸਿੰਘ ਆਪਣੇ ਸਿਧਾਂਤਾਂ ‘ਤੇ ਅਡੋਲ ਰਿਹਾ





ਨਵੀਂ ਦਿੱਲੀ: ਵਿਨਾਇਕ ਦਾਮੋਦਰ ਸਾਵਰਕਰ ਦੇ ਰਿਸ਼ਤੇਦਾਰ ਨੇ ਸੋਮਵਾਰ (15 ਜੂਨ) ਨੂੰ ਪੁਣੇ ਦੀ ਇੱਕ ਵਿਸ਼ੇਸ਼ ਸੰਸਦ ਮੈਂਬਰ/ਵਿਧਾਇਕ ਅਦਾਲਤ ਨੂੰ ਦੱਸਿਆ ਕਿ ਸਾਵਰਕਰ ਨੇ ਆਪਣੀ ਸਜ਼ਾ ਨੂੰ ਘਟਾਉਣ ਲਈ ਬ੍ਰਿਟਿਸ਼ ਸਰਕਾਰ ਕੋਲ ਦਸ ਰਹਿਮ ਦੀਆਂ ਅਪੀਲਾਂ ਦਾਇਰ ਕੀਤੀਆਂ ਸਨ। ਕਾਨੂੰਨੀ ਨਿਊਜ਼ ਵੈੱਬਸਾਈਟ ਲਾਈਵ ਲਾਅ ਦੀ ਇੱਕ ਰਿਪੋਰਟ ਦੇ ਅਨੁਸਾਰ, ਸਾਵਰਕਰ ਦੇ ਰਿਸ਼ਤੇਦਾਰ, ਸਤਿਆਕੀ ਸਾਵਰਕਰ - ਜਿਸਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੈ: ਨੇ ਵਿਸ਼ੇਸ਼ ਜੱਜ ਅਮੋਲ ਸ਼ਿੰਦੇ ਦੇ ਸਾਹਮਣੇ ਆਪਣੀ ਜਿਰ੍ਹਾ ਦੌਰਾਨ ਇਹ ਵੀ ਕਿਹਾ ਕਿ ਹੋਰ ਵੀ ਬਹੁਤ ਸਾਰੇ ਆਜ਼ਾਦੀ ਘੁਲਾਟੀਏ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਕੋਲ ਰਹਿਮ ਦੀਆਂ ਅਪੀਲਾਂ ਦਾਇਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਧਿਆਨ ਦੇਣ ਯੋਗ ਹੈ ਕਿ ਰਾਹੁਲ ਗਾਂਧੀ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਮਿਲਿੰਦ ਪਵਾਰ ਦੁਆਰਾ ਜਿਰ੍ਹਾ ਦੌਰਾਨ, ਸਤਿਆਕੀ ਸਾਵਰਕਰ ਨੇ ਕਿਹਾ ਕਿ ਇਹ ਸੱਚ ਹੈ ਕਿ ਸਾਵਰਕਰ ਨੇ ਦਸ ਵਾਰ ਰਹਿਮ ਦੀਆਂ ਅਪੀਲਾਂ ਦਾਇਰ ਕੀਤੀਆਂ ਸਨ। ਉਸਨੇ ਅਦਾਲਤ ਨੂੰ ਅੱਗੇ ਦੱਸਿਆ, “ਇਹ ਸੱਚ ਹੈ ਕਿ ਉਸੇ ਯੁੱਗ ਦੇ ਕ੍ਰਾਂਤੀਕਾਰੀਆਂ - ਰਾਜਗੁਰੂ, ਬਟੁਕੇਸ਼ਵਰ ਦੱਤ ਅਤੇ ਅਸ਼ਫਾਕਉੱਲਾ ਖਾਨ - ਨੇ ਕੋਈ ਰਹਿਮ ਦੀਆਂ ਅਪੀਲਾਂ ਦਾਇਰ ਨਹੀਂ ਕੀਤੀਆਂ ਸਨ।“ ਇਹ ਵੀ ਸੱਚ ਹੈ ਕਿ ਸਾਵਰਕਰ ਨੇ ਸਜ਼ਾ ਸੁਣਾਏ ਜਾਣ ਦੇ ਇੱਕ ਮਹੀਨੇ ਦੇ ਅੰਦਰ ਰਹਿਮ ਦੀ ਅਪੀਲ ਦਾਇਰ ਕੀਤੀ ਸੀ। ਉਸਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਸਦੇ ਦਾਦਾ ਜੀ ਦੇ ਭਰਾ ਨੂੰ ਅੰਡੇਮਾਨ ਭੇਜਣ ਤੋਂ ਪਹਿਲਾਂ ਗਦਰ ਸੰਗਠਨ ਦੇ ਇੱਕ ਰਸਾਲੇ ਵਿੱਚ “ਹੀਰੋ” ਕਿਹਾ ਗਿਆ ਸੀ।

ਉਨ੍ਹਾਂ ਅੱਗੇ ਕਿਹਾ, “ਇਹ ਸੱਚ ਹੈ ਕਿ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਅੰਤ ਤੱਕ ਆਪਣੀ ਵਿਚਾਰਧਾਰਾ ਅਤੇ ਸਿਧਾਂਤਾਂ ‘ਤੇ ਅਡੋਲ ਰਹੇ। ਮੈਂ ਜਾਣਦਾ ਹਾਂ ਕਿ ਕ੍ਰਾਂਤੀਕਾਰੀ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਅੰਗਰੇਜ਼ਾਂ ਨਾਲ ਆਪਣੇ ਸੌਦੇ ਵਿੱਚ ਅੰਤ ਤੱਕ ਆਪਣੇ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਇਹ ਸੱਚ ਹੈ ਕਿ ਸਿਰਫ਼ ਸਾਵਰਕਰ ਹੀ ਨਹੀਂ, ਸਗੋਂ ਹੋਰ ਕੈਦੀਆਂ ਨੇ ਵੀ ਰਹਿਮ ਦੀਆਂ ਪਟੀਸ਼ਨਾਂ ਦਾਇਰ ਕੀਤੀਆਂ ਸਨ। ਇਹ ਵੀ ਸੱਚ ਹੈ ਕਿ ਰਹਿਮ ਦੀਆਂ ਪਟੀਸ਼ਨਾਂ ਦਾਇਰ ਕਰਨਾ ਨਾ ਤਾਂ ਵਿਲੱਖਣ ਸੀ ਅਤੇ ਨਾ ਹੀ ਗੈਰ-ਕਾਨੂੰਨੀ ਸੀ। ਪਰ ਇਹ ਕਹਿਣਾ ਸਹੀ ਨਹੀਂ ਹੈ ਕਿ ਸਾਵਰਕਰ ਨੇ ਆਪਣੀਆਂ ਰਹਿਮ ਦੀਆਂ ਅਪੀਲਾਂ ਵਿੱਚ ਬਹੁਤ ਜ਼ਿਆਦਾ ਨਿਮਰਤਾ ਭਰੀ ਭਾਸ਼ਾ ਦੀ ਵਰਤੋਂ ਕੀਤੀ। ਇਹ ਕਹਿਣਾ ਵੀ ਸਹੀ ਨਹੀਂ ਹੈ ਕਿ ਉਨ੍ਹਾਂ ਪਟੀਸ਼ਨਾਂ ਵਿੱਚ ਬ੍ਰਿਟਿਸ਼ ਸਰਕਾਰ ਪ੍ਰਤੀ ਵਫ਼ਾਦਾਰੀ ਜ਼ਾਹਰ ਕਰਨ ਵਾਲੇ ਸ਼ਬਦ ਸਨ।“ ਇਹ ਸੱਚ ਹੈ ਕਿ ਉਸ ਪਟੀਸ਼ਨ ਵਿੱਚ ਸਾਵਰਕਰ ਨੇ ਆਪਣੀ ਸਜ਼ਾ ਘਟਾਉਣ ਦੀ ਬੇਨਤੀ ਕੀਤੀ ਸੀ। ਇਹ ਧਿਆਨ ਦੇਣ ਯੋਗ ਹੈ ਕਿ ਇਹ ਮਾਮਲਾ ਕਾਂਗਰਸ ਨੇਤਾ ਰਾਹੁਲ ਗਾਂਧੀ ਵਿਰੁੱਧ ਦਾਇਰ ਇੱਕ ਅਪਰਾਧਿਕ ਮਾਣਹਾਨੀ ਸ਼ਿਕਾਇਤ ਨਾਲ ਸਬੰਧਤ ਹੈ। ਇਹ ਸ਼ਿਕਾਇਤ ਸਤਿਆਕੀ ਸਾਵਰਕਰ ਦੁਆਰਾ ਦਾਇਰ ਕੀਤੀ ਗਈ ਸੀ। ਦੋਸ਼ ਹੈ ਕਿ ਰਾਹੁਲ ਗਾਂਧੀ ਨੇ ਲੰਡਨ ਵਿੱਚ ਦਿੱਤੇ ਭਾਸ਼ਣ ਵਿੱਚ ਸਾਵਰਕਰ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ। ਸਤਿਆਕੀ ਸਾਵਰਕਰ ਦੁਆਰਾ ਦਾਇਰ ਕੀਤੀ ਗਈ ਸ਼ਿਕਾਇਤ ਦੇ ਅਨੁਸਾਰ, ਰਾਹੁਲ ਗਾਂਧੀ ਨੇ ਮਾਰਚ 2023 ਵਿੱਚ ਲੰਡਨ ਵਿੱਚ ਇੱਕ ਭਾਸ਼ਣ ਦੌਰਾਨ ਦਾਅਵਾ ਕੀਤਾ ਸੀ ਕਿ ਵੀਡੀ ਸਾਵਰਕਰ ਨੇ ਇੱਕ ਕਿਤਾਬ ਵਿੱਚ ਲਿਖਿਆ ਸੀ ਕਿ ਉਸਨੇ ਅਤੇ ਉਸਦੇ ਪੰਜ ਜਾਂ ਛੇ ਦੋਸਤਾਂ ਨੇ ਇੱਕ ਵਾਰ ਇੱਕ ਮੁਸਲਿਮ ਵਿਅਕਤੀ ਨੂੰ ਕੁੱਟਿਆ ਸੀ, ਅਤੇ ਉਹ (ਸਾਵਰਕਰ) ਇਸ ਤੋਂ ਖੁਸ਼ ਸਨ। ਮਾਨਹਾਨੀ ਦੇ ਮਾਮਲੇ ਵਿੱਚ, ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਅਜਿਹੀ ਕੋਈ ਘਟਨਾ ਨਹੀਂ ਵਾਪਰੀ ਸੀ ਅਤੇ ਸਾਵਰਕਰ ਨੇ ਇਸ ਬਾਰੇ ਕੁਝ ਨਹੀਂ ਲਿਖਿਆ ਸੀ।

## ਭਾਜਪਾ ਤੇ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ‘ਚ ਚਿੱਟਾ ਆਇਆ:ਚੀਮਾ

ਚੰਡੀਗੜ੍ਹ: ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਅਕਾਲੀ-ਭਾਜਪਾ ਸਰਕਾਰ ਦੌਰਾਨ ਸਭ ਤੋਂ ਵੱਧ ਤਬਾਹੀ ਹੋਈ ਅਤੇ ਚਿੱਟਾ ਦਾਖਲ ਹੋਇਆ, ਜਦੋਂ ਕਿ ਦੂਜੇ ਪਾਸੇ ਬੇਅਦਬੀ ਦਾ ਸਿਲਸਿਲਾ ਸ਼ੁਰੂ ਹੋ ਗਿਆ। ਚੀਮਾ ਨੇ ਕਿਹਾ ਕਿ ਇੱਕ ਧਿਰ ਨਸ਼ੇ ਫੈਲਾਉਂਦੀ ਹੈ ਅਤੇ ਦੂਜੀ ਧਿਰ ਈਡੀ ਭੇਜਦੀ ਹੈ ਅਤੇ ਉਨ੍ਹਾਂ ਦੀ ਦੁਰਵਰਤੋਂ ਕਰਦੀ ਹੈ। ਚੀਮਾ ਨੇ ਕਿਹਾ ਕਿ ਡਰੱਗਜ਼ ਦੀ ਦੁਰਵਰਤੋਂ ਵਿਰੁੱਧ ਅਤੇ ਸੁਰੱਖਿਆ ਲਈ ਐਂਟੀ-ਡਰੋਨ ਸਿਸਟਮ ਲਗਾ ਕੇ ਕੰਮ ਕੀਤਾ ਜਾ ਰਿਹਾ ਹੈ। ਭਾਜਪਾ ਡਰੱਗ ਸਪਲਾਈ ਕਰਦੀ ਹੈ ਜੋ ਗੁਜਰਾਤ ਰਾਹੀਂ ਪੰਜਾਬ ਆਉਂਦਾ ਹੈ।


17 SECTOR
Fashion & Fabrics

- ਨਵੇਂ ਜਨਮੇ ਬੱਚਿਆਂ (ਕੁੜੀਆਂ ਤੇ ਮੁੰਡੇ) ਦੇ ਕੱਪੜਿਆਂ ਦੀ ਸ਼ਿਪਮੈਂਟ ਪਹੁੰਚ ਚੁੱਕੀ ਹੈ। ਇਹਨਾਂ ਤੇ ਭਾਰੀ ਸੇਲ ਲੱਗੀ ਹੈ।
- ਗਰਮ ਕੋਟ ਪੈਂਟ ਦਾ ਕੱਪੜਾ ਵੀ ਆ ਚੁੱਕਾ ਹੈ
- ਮੈਨਜ਼ ਕੁਰਤੇ ਪਜਾਮੇ, ਜੈਕਟਾਂ ਤੇ ਭਾਰੀ ਸੇਲ
- ਲੇਡੀਜ਼ ਵਾਸਤੇ ਕਸਟਮ ਸਟਿਚਡ ਸੂਟ ਸੇਲ ਤੇ
- ਕੋਈ ਵੀ ਸਮਾਨ ਦੀ ਖਰੀਦਦਾਰੀ ਤੇ ਛੋਟੇ ਬੱਚਿਆਂ ਵਾਸਤੇ ਫਰੀ ਰੁਮਾਲ ਜਾਂ ਪਟਕੇ
- ਛੋਟੀਆਂ ਕੁੜੀਆਂ ਦੇ ਨਵੇਂ ਸਟਾਇਲ ਦੇ ਸੂਟ ਪਹੁੰਚ ਗਏ ਹਨ

Special Sale
ਸਪੈਸ਼ਲ ਸੇਲ
Mens Printed Vests
1 for $50 & 3 For $100
Unstiched ਲੇਡੀਜ ਸੂਟਾਂ ਤੇ ਭਾਰੀ ਸੇਲ

ਲੇਡੀਜ ਨਾਇਰਾ ਕੱਟ ਸੂਟ ਇਕ ਲਉ ਇਕ FREE

Mens & Boys ਕੁੜਤਾ ਪਜਾਮਾ 10% ਤੋਂ 30% Off Limited Stock

ਲਹਿੰਗੇ $75 ਤੋਂ ਸ਼ੁਰੂ

ਕੁੜੀਆਂ ਦੇ ਫੈਂਸੀ ਸੂਟਾਂ ਦੀ ਭਾਰੀ ਸ਼ਿਪਮੈਂਟ ਪਹੁੰਚ ਚੁੱਕੀ ਹੈ



ਅਸੀਂ ਹਰ ਤਰਾਂ ਦੇ ਕੱਪੜਿਆਂ ਦੀ ਸਿਲਾਈ ਅਤੇ ਆਲਟਰੇਸ਼ਨ ਕਰਦੇ ਹਾਂ
(We Have All Sizes From New Born To Size 56)
Large Discounts On Artificial Jewellery
#186-8138 128 St, Surrey, BC
Ph:604.594.1788



BADH & REJMINIAK LLP

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice

We provide Legal Services in the following areas:
- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਇਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ






Ph: 604-503-3132
Fax:604-503-3133
Web:www.bnrlaw.ca

Gurpreet Badh, BSc, LLB
Barrister & Solicitor

#2006-7495, 132 St, Surrey, BC V3W 1J8

# ਪੰਜਾਬੀਆਂ ਦੇ ਪਿਆਰ ਦਾ ਕੋਈ ਮੁੱਲ ਨਹੀਂ:ਮਾਨ

ਮੁਹਾਲੀ:-ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਲੀ ਜਿੱਤ ਲਈ ਵੋਟਰਾਂ ਦਾ ਧੰਨਵਾਦ ਕਰਨ ਵਾਸਤੇ ਪਾਰਟੀ ਵੱਲੋਂ  ਰੋਡ ਸ਼ੋਅ ਕੱਢਿਆ ਗਿਆ, ਜਿਸ ਦੀ ਅਗਵਾਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕੀਤੀ। ਉਨ੍ਹਾਂ ਨਾਲ ਖੁੱਲ੍ਹੀ ਗੱਡੀ ਵਿਚ ਕੈਬਨਿਟ ਮੰਤਰੀ ਤੇ ਪਾਰਟੀ ਦੇ ਸੂਬਾਈ ਪ੍ਰਧਾਨ ਅਮਨ ਅਰੋੜਾ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਮੁਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ, ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਅਤੇ ਮੁਹਾਲੀ ਦੇ ਮੇਅਰ ਸਰਬਜੀਤ ਸਿੰਘ ਸਮਾਣਾ ਮੌਜੂਦ ਸਨ। ਰੋਡ ਸ਼ੋਅ ਮੌਕੇ ਵੱਡੀ ਗਿਣਤੀ  ਕਾਰਕੁਨਾਂ ਤੋਂ ਇਲਾਵਾ ਸ਼ਹਿਰ ਵਾਸੀ ਪਹੁੰਚੇ ਹੋਏ ਸਨ। ਰੋਡ ਸ਼ੋਅ ਪਿੰਡ ਸੋਹਾਣਾ ਨੇੜਿਓਂ ਸੈਕਟਰ 78 ਚੋਂ ਆਰੰਭ ਹੋਇਆ ਅਤੇ ਪਿੰਡ ਦੀ ਫ਼ਿਰਨੀ ਉੱਤੋਂ ਘੁੰਮਿਆ।ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਕਾਲੀ ਦਲ ਅਤੇ ਕਾਂਗਰਸ ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਲੁੱਟਿਆ ਅਤੇ ਹੁਣ ਪੰਜਾਬ ਦੇ ਲੋਕ ਉਨ੍ਹਾਂ ਨੂੰ ਮੂੰਹ ਨਹੀਂ ਲਾ ਰਹੇ। ਪੰਜਾਬੀਆਂ ਵੱਲੋਂ ਉਨ੍ਹਾਂ ਦੀ ਪਾਰਟੀ ਨੂੰ ਦਿੱਤੇ ਜਾ ਰਹੇ ਪਿਆਰ ਦਾ ਕਿਸੇ ਵੀ ਕਰੰਸੀ ਵਿੱਚ ਕੋਈ ਮੁੱਲ ਨਹੀਂ ਹੈ। ਕਾਂਗਰਸੀਆਂ ਤੇ ਅਕਾਲੀਆਂ ਨੇ ਪੰਜ-ਪੰਜ ਸਾਲ ਵਾਰੀਆਂ ਬੰਨ੍ਹੀਆਂ ਹੋਈਆਂ ਸਨ। ਹੁਣ ਵਿਰੋਧੀ ਝਾੜੂ ਤੇ ਗੰਦ ਪਾਉਣ ਦੇ ਦੋਸ਼ ਲਾਉਂਦੇ ਹਨ ਪਰ ਝਾੜੂ ਤਾਂ ਸਫ਼ਾਈ ਕਰਦਾ ਹੈ। ਉਹ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪੂਰੇ ਦੇਸ਼ ਦੀ ਸਫ਼ਾਈ ਕਰਨ ਲਈ ਤਿਆਰ ਹਨ। ਵਿਰੋਧੀਆਂ ਦੀਆਂ 2027 ਵਿਚ ਜ਼ਮਾਨਤਾਂ ਜ਼ਬਤ ਹੋਣਗੀਆਂ ਤੇ ਅੱਜ ਦਾ ਇਕੱਠ ਵੇਖ ਕੇ ਵਿਰੋਧੀ ਧਿਰਾਂ ਨੂੰ ਨੀਂਦ ਨਹੀਂ ਆਉਣੀ।

# ਅੱਤਵਾਦੀ ਅੰਕੁਸ਼ ਕਪੂਰ ਦਾ ਮਕਾਨ ਕੀਤਾ ਜ਼ਬਤ

ਅੰਮ੍ਰਿਤਸਰ/ਨਵੀਂ ਦਿੱਲੀ: ਦੇਸ਼ ਵਿੱਚ ਨਸ਼ਾ ਤਸਕਰੀ ਅਤੇ ਅੱਤਵਾਦੀ ਗਤੀਵਿਧੀਆਂ ਦੇ ਗੱਠਜੋੜ ਨੂੰ ਤੋੜਨ ਲਈ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਇੱਕ ਮਹੱਤਵਪੂਰਨ ਕਾਰਵਾਈ ਕੀਤੀ ਹੈ।ਐਨਆਈਏ ਦੀ ਜਾਂਚ ਮੁਤਾਬਕ ਇਹ ਮਕਾਨ ਅੰਕੁਸ਼ ਕਪੂਰ ਨਾਮਕ ਮੁਲਜ਼ਮ ਦੇ ਪਰਿਵਾਰ ਨਾਲ ਸੰਬੰਧਿਤ ਹੈ। ਜਾਂਚ ਏਜੰਸੀ ਦਾ ਦਾਅਵਾ ਹੈ ਕਿ ਅੰਕੁਸ਼ ਕਪੂਰ ਭਾਰਤ ਵਿੱਚ ਸਰਗਰਮ ਇੱਕ ਅਜਿਹੇ ਨੈੱਟਵਰਕ ਦਾ ਅਹਿਮ ਹਿੱਸਾ ਸੀ, ਜਿਸ ਦੇ ਸੰਬੰਧ ਕਈ ਦੇਸ਼ਾਂ ਤੱਕ ਫੈਲੇ ਹੋਏ ਸਨ।ਅਧਿਕਾਰੀਆਂ ਅਨੁਸਾਰ ਇਸ ਨੈੱਟਵਰਕ ਦੇ ਤਾਰ ਇਟਲੀ, ਆਸਟ੍ਰੇਲੀਆ, ਇਰਾਨ, ਥਾਈਲੈਂਡ, ਸੰਯੁਕਤ ਅਰਬ ਅਮੀਰਾਤ (ਯੂਏਈ), ਪਾਕਿਸਤਾਨ ਅਤੇ ਹੋਰ ਦੇਸ਼ਾਂ ਨਾਲ ਜੁੜੇ ਹੋਏ ਦੱਸੇ ਜਾਂਦੇ ਹਨ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਮੁਲਜ਼ਮ ਦੇ ਸੰਪਰਕ ਦੁਬਈ ਵਿੱਚ ਬੈਠੇ ਕੁਝ ਅਜਿਹੇ ਵਿਅਕਤੀਆਂ ਨਾਲ ਸਨ, ਜਿਨ੍ਹਾਂ ਦੇ ਸਬੰਧ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਨਾਲ ਹੋਣ ਦਾ ਸ਼ੱਕ ਜਤਾਇਆ ਗਿਆ ਹੈ। ਐਨਆਈਏ ਮੁਤਾਬਕ ਅੰਕੁਸ਼ ਕਪੂਰ ਨੂੰ ਪਿਛਲੇ ਸਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਜਾਂਚ ਵਿੱਚ ਉਸ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਉਨ੍ਹਾਂ ਦੀ ਢੋਆ-ਢੁਆਈ, ਸਟੋਰੇਜ ਅਤੇ ਵੰਡ ਨਾਲ ਜੁੜੇ ਦੋਸ਼ ਲਾਏ ਗਏ ਹਨ। ਇਸ ਦੇ ਨਾਲ ਹੀ ਉਸ ਉੱਤੇ ਅੱਤਵਾਦੀ ਗਤੀਵਿਧੀਆਂ ਲਈ ਧਨ ਇਕੱਠਾ ਕਰਨ ਅਤੇ ਵੱਖ-ਵੱਖ ਦੇਸ਼ਾਂ ਵਿੱਚ ਪੈਸੇ ਦੀ ਹੇਰਾਫੇਰੀ ਕਰਨ ਦੇ ਵੀ ਦੋਸ਼ ਹਨ।

# ‘ਕਾਕਰੋਚ ਜਨਤਾ ਪਾਰਟੀ’ ਚੋਣਾਂ ਨਹੀਂ ਲੜੇਗੀ

ਨਾਗਪੁਰ: ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਦੇ ਬਾਨੀ ਅਭਿਜੀਤ ਦੀਪਕੇ ਨੇ ਨੂੰ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਚੋਣਾਂ ਲੜਨ ਦੀ ਇੱਛੁਕ ਨਹੀਂ ਹੈ। ਦੀਪਕ ਨੇ ਨਾਗਪੁਰ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੀ ਤਿੱਖੀ ਆਲੋਚਨਾ ਕੀਤੀ।

ਨੀਟ-ਯੂ.ਜੀ. ਵਿਵਾਦ ਤੋਂ ਬਾਅਦ ‘ ਤੋਂ ਬਾਅਦ ਵਿਦਿਆਰਥੀਆਂ ਨਾਲ ਗੱਲਬਾਤ ਨਾ ਕਰਨ ‘ਤੇ ਸਵਾਲ ਚੁੱਕਦਿਆਂ ਦੇਸ਼ ਵਿਚ ਹਰ ਕਿਸੇ ਨੂੰ ਅਪਣੇ ਹੱਕ ਮੰਗਣ ਲਈ ਚੋਣਾਂ ਨਹੀ ਲੜਨੀਆਂ , ਅਸੀਂ ਹੱਕ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਾਂਗੇ।

# ਏਅਰ ਫੋਰਸ  ਦੇ ਜਵਾਨ ਕੋਲੋਂ’ ਲੱਖਾਂ ਦੀ ਅਫੀਮ ਬਰਾਮਦ

ਬਰਨਾਲ਼ਾ: ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਚੱਲ ਰਹੀ ਮੁਹਿੰਮ ਦੌਰਾਨ ਬਰਨਾਲਾ ਪੁਲਿਸ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਪੁਲਿਸ ਨੇ ਜਾਂਚ ਦੌਰਾਨ ਇੱਕ ਅਜਿਹੇ ਵਿਅਕਤੀ ਨੂੰ ਕਾਬੂ ਕੀਤਾ ਹੈ, ਜੋ ਕਥਿਤ ਤੌਰ ‘ਤੇ ਭਾਰਤੀ ਹਵਾਈ ਫੌਜ ਦਾ ਜਵਾਨ ਦੱਸਿਆ ਜਾ ਰਿਹਾ ਹੈ। ਉਸ ਦੇ ਬੈਗ ਦੀ ਤਲਾਸ਼ੀ ਲੈਣ ‘ਤੇ ਲੱਖਾਂ ਰੁਪਏ ਕੀਮਤ ਦੀ ਅਫੀਮ ਬਰਾਮਦ ਹੋਈ ਹੈ। ਇਸ ਘਟਨਾ ਨੇ ਸੁਰੱਖਿਆ ਏਜੰਸੀਆਂ ਅਤੇ ਆਮ ਲੋਕਾਂ ਵਿੱਚ ਵੀ ਚਰਚਾ ਛੇੜ ਦਿੱਤੀ ਹੈ।

# ਉੱਤਰ-ਪੱਛਮੀ ਪਾਕਿਸਤਾਨ ਵਿੱਚ ਗੁਰਦੁਆਰੇ ਦੇ ਅੰਦਰ ਗੋਲੀਬਾਰੀ ਵਿੱਚ ਸਿੱਖ ਸੇਵਾਦਾਰ ਜੋੜੇ ਦੀ ਮੌਤ

ਪੇਸ਼ਾਵਰ: ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖੈਬਰ ਪਖਤੂਨਖਵਾ ਵਿੱਚ ਇੱਕ ਗੁਰਦੁਆਰੇ ਦੇ ਅੰਦਰ ਇੱਕ ਸਿੱਖ ਸੇਵਾਦਾਰ ਜੋੜੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਪੇਸ਼ਾਵਰ ਤੋਂ ਲਗਭਗ 60 ਕਿਲੋਮੀਟਰ ਉੱਤਰ-ਪੱਛਮ ਵਿੱਚ ਮਰਦਾਨ ਦੇ ਬਾਬੂ ਮੁਹੱਲਾ ਇਲਾਕੇ ਵਿੱਚ ਵਾਪਰੀ।ਮਰਦਾਨ ਦੇ ਜ਼ਿਲ੍ਹਾ ਪੁਲਿਸ ਅਧਿਕਾਰੀ ਮਸੂਦ ਅਹਿਮਦ ਅਨੁਸਾਰ, ਅਣਪਛਾਤੇ ਹਮਲਾਵਰਾਂ ਨੇ ਗੁਰਦੁਆਰੇ ਦੇ ਅੰਦਰ ਗੋਲੀਬਾਰੀ ਕੀਤੀ, ਜਿਸ ਦੇ ਨਤੀਜੇ ਵਜੋਂ ਜਗਨਨਾਥ ਅਤੇ ਉਸ ਦੀ ਪਤਨੀ ਅਸਮਾ ਵੰਤੀ ਦੀ ਮੌਤ ਹੋ ਗਈ।ਪੁਲਿਸ ਨੇ ਦੱਸਿਆ ਕਿ ਹਮਲੇ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਸ਼ਾਮਲ ਲੋਕਾਂ ਨੂੰ ਫੜਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਦੀਪਕੇ ਦਾ ਦੋਸ਼:ਹਮਲੇ ਪਿੱਛੇ ਆਰਐੱਸਐੱਸ ਦੇ ਕੁਝ ਲੋਕਾਂ ਦਾ ਹੱਥ

ਨਾਗਪੁਰ:-ਕੌਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ‘ਤੇ ਹੋਏ ਹਮਲੇ ਪਿੱਛੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਨਾਲ ਜੁੜੇ ਕੁਝ ਲੋਕ ਸ਼ਾਮਲ ਸਨ। ਨਾਗਪੁਰ ਵਿੱਚ ਮੀਡੀਆ ਨਾਲ ਗੱਲ ਕਰਦਿਆਂ ਦੀਪਕੇ ਨੇ ਕਿਹਾ ਕਿ ਇਹ ਹਮਲਾ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਅਤੇ ਵਿਦਿਆਰਥੀਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਹੈ।

ਉਨ੍ਹਾਂ ਦੇ ਅਨੁਸਾਰ ਜੈਪੁਰ ਵਿੱਚ ਹੋਏ ਪ੍ਰਦਰਸ਼ਨ ਦੌਰਾਨ ਉਨ੍ਹਾਂ ਨਾਲ ਕਥਿਤ ਕੁੱਟਮਾਰ ਕੀਤੀ ਗਈ ਸੀ, ਜਿਸ ਮਾਮਲੇ ਵਿੱਚ ਦੋ ਨੌਜਵਾਨਾਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ।ਦੀਪਕੇ ਨੇ ਇਹ ਵੀ ਕਿਹਾ ਕਿ ਜਦੋਂ ਵੀ ਕੋਈ ਸਰਕਾਰ ਜਾਂ ਉਸ ਦੀ ਵਿਚਾਰਧਾਰਾ ਦੇ ਖ਼ਿਲਾਫ਼ ਬੋਲਦਾ ਹੈ, ਤਾਂ ਇਸ ਤਰ੍ਹਾਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਉਨ੍ਹਾਂ ਨੇ ਆਪਣੇ ਉੱਤੇ ਲੱਗ ਰਹੇ ਵੱਖ-ਵੱਖ ਦਾਵਿਆਂ ਨੂੰ ਵੀ ਖ਼ਾਰਜ ਕਰਦੇ ਹੋਏ ਕਿਹਾ ਕਿ ਇਹ ਸਭ ਰਾਜਨੀਤਿਕ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ।

# ਜੰਮੂ-ਕਸ਼ਮੀਰ:ਧਮਾਕੇ ਵਿਚ ਚਾਰ ਫ਼ੌਜੀ ਜ਼ਖ਼ਮੀ

ਰਾਜੌਰੀ/ਜੰਮੂ: ਜੰਮੂ-ਕਸ਼ਮੀਰ ਦੇ ਰਾਜੰਗੀ ਜ਼ਿਲ੍ਹੇ ਵਿਚ ਜ਼ਮੀਨੀ ਬਾਰੂਦੀ ਸੁਰੰਗ ਫਟਣ ਕਾਰਨ ਚਾਰ ਫੌਜੀ ਜ਼ਖਮੀ ਹੋ ਗਏ ਹਨ। ਮੰਗਲਵਾਰ ਨੂੰ ਰਾਜੌਰੀ ਜ਼ਿਲ੍ਹੇ ਦੇ ਨੌਸ਼ਹਿਰਾ ਸੈਕਟਰ ਦੇ ਅੱਗੇ ਵਾਲੇ ਕਲਾਲ ਇਲਾਕੇ ਵਿਚ ਫੌਜ ਵਲੋਂ ਇਲਾਕੇ ਵਿਚ ਗਸ਼ਤ ਕੀਤੀ ਜਾ ਰਹੀ ਸੀ। ਇਸ ਦੌਰਾਨ ਇਕ ਜ਼ਮੀਨੀ ਬਾਰੂਦੀ । ਸੁਰੰਗ ਦੇ ਅਚਾਨਕ ਫਟਣ ਕਾਰਨ ਇਹ ਹਾਦਸਾ ਵਾਪਰਿਆ।


Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



HOUSE FOR SALE

12728 SE 287TH Place, Auburn, WA 98092








GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.

MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਸੈਨ ਫਰਾਂਸਿਸਕੋ ਵਿੱਚ ਸ਼ਹੀਦੀ ਨਗਰ ਕੀਰਤਨ, ਪਾਤਸ਼ਾਹੀ ਰੈਲੀ ਅਤੇ ਖ਼ਾਲਿਸਤਾਨ ਫਰੀਡਮ ਮਾਰਚ ਵਿੱਚ ਹਜ਼ਾਰਾਂ ਸੰਗਤਾਂ ਦੀ ਸ਼ਮੂਲੀਅਤ



ਸੈਨ ਫਰਾਂਸਿਸਕੋ:ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਨਗਰ ਕੀਰਤਨ, ਪਾਤਸ਼ਾਹੀ ਰੈਲੀ ਅਤੇ ਖ਼ਾਲਿਸਤਾਨ ਫਰੀਡਮ ਮਾਰਚ ਸੈਨ ਫਰਾਂਸਿਸਕੋ ਵਿੱਚ ਸ਼ਰਧਾ, ਸਤਿਕਾਰ ਅਤੇ ਚੜ੍ਹਦੀ ਕਲਾ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਅਤੇ ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਨੇ ਹਿੱਸਾ ਲੈ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਨਗਰ ਕੀਰਤਨ ਦੌਰਾਨ ਸੰਗਤਾਂ ਨੇ ਗੁਰਬਾਣੀ ਕੀਰਤਨ, ਸਿਮਰਨ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਇਸ ਦੇ ਨਾਲ ਹੀ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਬੇਗੁਨਾਹ ਲੋਕਾਂ ਦੀ ਯਾਦ ਵਿੱਚ ਵਿਸ਼ੇਸ਼ ਅਰਦਾਸ ਕੀਤੀ ਗਈ। ਰੈਲੀ ਅਤੇ ਮਾਰਚ ਦੌਰਾਨ ਵੱਖ-ਵੱਖ ਬੈਨਰਾਂ ਅਤੇ ਝੰਡਿਆਂ ਰਾਹੀਂ ਸਿੱਖ ਕੌਮ ਦੇ ਇਤਿਹਾਸ, ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਨਾਲ ਸੰਬੰਧਿਤ ਸੰਦੇਸ਼ ਲੋਕਾਂ ਤੱਕ ਪਹੁੰਚਾਏ ਗਏ।

ਬੁਲਾਰਿਆਂ ਨੇ ਆਪਣੇ ਸੰਬੋਧਨਾਂ ਵਿੱਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੂੰ ਧਰਮ ਅਤੇ ਸੱਚ ਦੀ ਰੱਖਿਆ ਲਈ ਦਿੱਤੀ ਗਈ ਮਹਾਨ ਕੁਰਬਾਨੀ ਕਰਾਰ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਸਮੂਹ ਮਨੁੱਖਤਾ ਲਈ ਸਬਰ, ਸੇਵਾ ਅਤੇ ਸੱਚਾਈ ਦਾ ਪ੍ਰਤੀਕ ਹੈ। ਉਨ੍ਹਾਂ ਨੇ ਜੂਨ 1984 ਦੀਆਂ ਘਟਨਾਵਾਂ ਨੂੰ ਵੀ ਯਾਦ ਕਰਦਿਆਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਨਾ ਭੁੱਲਣ ਦਾ ਸੱਦਾ ਦਿੱਤਾ।

ਸਮਾਗਮ ਦੌਰਾਨ ਸੇਵਾਦਾਰਾਂ ਵੱਲੋਂ ਲੰਗਰ, ਠੰਢੇ ਪਾਣੀ ਅਤੇ ਹੋਰ ਸੇਵਾਵਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਪੂਰੇ ਮਾਹੌਲ ਵਿੱਚ ਧਾਰਮਿਕ ਜੋਸ਼, ਕੌਮੀ ਏਕਤਾ ਅਤੇ ਸ਼ਹੀਦਾਂ ਪ੍ਰਤੀ ਡੂੰਘਾ ਸਤਿਕਾਰ ਦੇਖਣ ਨੂੰ ਮਿਲਿਆ। ਸਮਾਗਮ ਦੀਆਂ ਇਹ ਝਲਕੀਆਂ ਸੈਨ ਫਰਾਂਸਿਸਕੋ ਵਿੱਚ ਵੱਸਦੇ ਸਿੱਖ ਭਾਈਚਾਰੇ ਦੀ ਏਕਤਾ, ਸਮਰਪਣ ਅਤੇ ਆਪਣੇ ਇਤਿਹਾਸ ਨਾਲ ਜੁੜਾਅ ਨੂੰ ਦਰਸਾਉਂਦੀਆਂ ਹਨ।

# ਠੀਕਰੀਵਾਲਾ ਦੀ ਭਾਰਤ ਨੂੰ ਸੌਂਪੀ ਜਾਏਗੀ ਹਵਾਲਗੀ

## ਅਮਰੀਕੀ ਸਿੱਖਾਂ ਵੱਲੋਂ ਕਾਰਵਾਈ ਰੋਕਣ ਦੇ ਯਤਨ ਸ਼ੁਰੂ



ਨਿਊਯਾਰਕ (ਸਰਬਜੀਤ ਸਿੰਘ ਬਨੂੜ)- ਅਮਰੀਕਾ ‘ਚ ਗ੍ਰਿਫ਼ਤਾਰ ਕੀਤੇ ਗਏ ਸੁਰਿੰਦਰ ਸਿੰਘ ਠੀਕਰੀਵਾਲਾ ਦੀ ਹਵਾਲਗੀ ਲਈ ਭਾਰਤ ਸਰਕਾਰ ਵੱਲੋਂ ਯਤਨ ਸ਼ੁਰੂ ਕੀਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਸੂਤਰਾਂ ਅਨੁਸਾਰ ਪੰਜਾਬ ਪੁਲਸ ਨੂੰ ਠੀਕਰੀਵਾਲਾ ਕਈ ਮਾਮਲਿਆਂ ‘ਚ ਲੋੜੀਂਦਾ ਹੈ ਅਤੇ ਭਾਰਤੀ ਏਜੰਸੀਆਂ ਉਸ ਨੂੰ ਭਾਰਤ ਲਿਆਉਣ ਲਈ ਕਾਨੂੰਨੀ ਕਾਰਵਾਈ ਕਰ ਰਹੀਆਂ ਹਨ।ਸੁਰਿੰਦਰ ਸਿੰਘ ਠੀਕਰੀਵਾਲਾ ਲੰਬੇ ਸਮੇਂ ਤੋਂ ਵੱਖਰੇ ਸਿੱਖ ਰਾਜ ਦੀ ਮੰਗ ਨਾਲ ਜੁੜੀਆਂ ਸਰਗਰਮੀਆਂ ‘ਚ ਸ਼ਾਮਲ ਰਿਹਾ ਹੈ ਅਤੇ ਆਪਣੇ ਸਮਰਥਕਾਂ ‘ਚ ਇੱਕ ਪ੍ਰਮੁੱਖ ਆਗੂ ਵਜੋਂ ਜਾਣਿਆ ਜਾਂਦਾ ਹੈ। ਕੁਝ ਰਿਪੋਰਟਾਂ ਅਨੁਸਾਰ ਉਸ ਦਾ ਨਾਂ ਪੰਜਾਬ ‘ਚ ਵਾਪਰੀਆਂ ਕੁਝ ਵਿਸਫੋਟਕ ਘਟਨਾਵਾਂ ਨਾਲ ਵੀ ਜੋੜਿਆ ਗਿਆ ਹੈ, ਹਾਲਾਂਕਿ ਇਨ੍ਹਾਂ ਦੋਸ਼ਾਂ ਬਾਰੇ ਅਦਾਲਤੀ ਫ਼ੈਸਲਾ ਆਉਣਾ ਬਾਕੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਅਮਰੀਕੀ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਏ ਜਾਣ ਤੋਂ ਪਹਿਲਾਂ ਠੀਕਰੀਵਾਲਾ ਨੇ ਅਮਰੀਕਾ ਵਿੱਚ ਅਸਾਈਲਮ ਦੀ ਮੰਗ ਵੀ ਕੀਤੀ ਹੋਈ ਹੈ ਜੋ ਫਿਲਹਾਲ ਵਿਚਾਰ ਅਧੀਨ ਹੈ। ਦੱਸਿਆ ਜਾ ਰਿਹਾ ਹੈ ਕਿ ਹਵਾਲਗੀ ਦੀ ਕਾਰਵਾਈ ਅਮਰੀਕੀ ਅਦਾਲਤਾਂ ਅਤੇ ਦੋਵੇਂ ਦੇਸ਼ਾਂ ਦਰਮਿਆਨ ਮੌਜੂਦ ਕਾਨੂੰਨੀ ਸਮਝੌਤਿਆਂ ਅਧੀਨ ਅੱਗੇ ਵਧੇਗੀ।

# 2.7 ਬਿਲੀਅਨ ਡਾਲਰ ਵਿੱਚ ਪੀਜ਼ਾ ਹੱਟ ਨੂੰ ਵੇਚਣ ਦੀ ਕੀਤੀ ਜਾ ਰਹੀ ਹੈ ਤਿਆਰੀ

ਨਿਊ ਯੌਰਕ: ਦੁਨੀਆ ਦੀ ਮਸ਼ਹੂਰ ਪਿਜ਼ਾ ਚੇਨ ਨੂੰ ਇਸ ਦੀ ਪੇਰੈਂਟ ਕੰਪਨੀ ਯਮ ਬਰੈਂਡਜ਼ ਵੱਲੋਂ 2.7 ਬਿਲੀਅਨ ਅਮਰੀਕੀ ਡਾਲਰ ਵਿੱਚ ਵੇਚਣ ਦਾ ਐਲਾਨ ਕੀਤਾ ਗਿਆ ਹੈ। ਕੰਪਨੀ ਨੇ ਕਿਹਾ ਕਿ ਲਗਾਤਾਰ ਘਟਦੀ ਵਿੱਕਰੀ ਅਤੇ ਵਧਦੇ ਮੁਕਾਬਲੇ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ। ਸੌਦੇ ਤਹਿਤ ਲੌਂਗ ਰੇਂਜ ਕੈਪੀਟਲ ਚੀਨ ਤੋਂ ਬਾਹਰ ਵਾਲੇ ਪਿਜ਼ਾ ਹਟ ਕਾਰੋਬਾਰ ਨੂੰ ਲਗਭਗ 1.5 ਬਿਲੀਅਨ ਡਾਲਰ ਵਿੱਚ ਖਰੀਦੇਗੀ। ਇਸ ਦੇ ਨਾਲ ਹੀ ਚੀਨ ਵਿੱਚ ਪਿਜ਼ਾ ਹਟ ਦੇ ਕਾਰੋਬਾਰ ਨੂੰ ਯਮ ਚਾਈਨਾ ਹੋਲਡਿੰਗਜ਼ ਇਨਕਾਰਪੋਰੇਸ਼ਨ ਕਰੀਬ 1.2 ਅਰਬ ਡਾਲਰ ਵਿੱਚ ਆਪਣੇ ਹੱਥ ਵਿੱਚ ਲਵੇਗੀ। ਪਿਛਲੇ ਸਾਲ ਜਿੱਥੇ ਯਮ ਬ੍ਰਾਂਡਜ਼ ਦੀ ਕੁੱਲ ਗਲੋਬਲ ਵਿੱਕਰੀ ਵਿੱਚ 5 ਫ਼ੀ ਸਦੀ ਵਾਧਾ ਹੋਇਆ, ਉੱਥੇ ਪਿਜ਼ਾ ਹਟ ਦੀ ਵਿੱਕਰੀ ਵਿੱਚ 2 ਫ਼ੀ ਸਦੀ ਦੀ ਗਿਰਾਵਟ ਦਰਜ ਕੀਤੀ ਗਈ। ਇਸ ਸਾਲ ਕੰਪਨੀ ਨੇ ਅਮਰੀਕਾ ਵਿੱਚ 250 ਪਿਜ਼ਾ ਹਟ ਰੈਸਟੋਰੈਂਟ ਬੰਦ ਕਰਨ ਦੀ ਯੋਜਨਾ ਵੀ ਐਲਾਨੀ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਪਿਜ਼ਾ ਹਟ ਲੰਬੇ ਸਮੇਂ ਤੋਂ ਕੰਪਨੀ ਦੇ ਸਭ ਤੋਂ ਕਮਜ਼ੋਰ ਬ੍ਰਾਂਡਾਂ ਵਿੱਚੋਂ ਇੱਕ ਬਣੀ ਹੋਈ ਸੀ। ਇੱਕ ਸਮੇਂ ਦੁਨੀਆ ਦੀ ਸਭ ਤੋਂ ਵੱਡੀ ਪਿਜ਼ਾ ਚੇਨ ਰਹੀ ਇਹ ਕੰਪਨੀ ਹੁਣ ਡੌਮੀਨੋਜ਼ ਪਿਜ਼ਾ ਅਤੇ ਆਨਲਾਈਨ ਡਲਿਵਰੀ ਪਲੇਟਫਾਰਮਾਂ ਤੋਂ ਸਖ਼ਤ ਮੁਕਾਬਲੇ ਦਾ ਸਾਹਮਣਾ ਕਰ ਰਹੀ ਹੈ। 1958 ਵਿੱਚ ਵਿਚਿਟਾ ਵਿੱਚ ਸ਼ੁਰੂ ਹੋਈ ਪਿਜ਼ਾ ਹਟ ਨੇ 1970 ਅਤੇ 1980 ਦੇ ਦਹਾਕਿਆਂ ਵਿੱਚ ਬੇਹੱਦ ਲੋਕਪ੍ਰਿਯਤਾ ਹਾਸਲ ਕੀਤੀ ਸੀ। ਪਰ ਗਾਹਕਾਂ ਦੀਆਂ ਬਦਲਦੀਆਂ ਆਦਤਾਂ ਅਤੇ ਹੋਮ ਡਲਿਵਰੀ ਸੇਵਾਵਾਂ ਦੇ ਵਾਧੇ ਕਾਰਨ ਕੰਪਨੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਯਮ ਬ੍ਰਾਂਡਜ਼ ਦੇ ਸੀਈਓ ਕ੍ਰਿਸ ਟਰਨਰ ਦਾ ਕਹਿਣਾ ਹੈ ਕਿ ਇਸ ਵਿੱਕਰੀ ਨਾਲ ਕੰਪਨੀ ਆਪਣੇ ਹੋਰ ਮਜ਼ਬੂਤ ਬ੍ਰਾਂਡਾਂ ਜਿਵੇਂ ਕੇਐਫਸੀ ਅਤੇ ਟਾਕੋ ਬੈੱਲ ‘ਤੇ ਵੱਧ ਧਿਆਨ ਕੇਂਦਰਿਤ ਕਰ ਸਕੇਗੀ।ਕੰਪਨੀ ਨੂੰ ਉਮੀਦ ਹੈ ਕਿ ਇਹ ਸੌਦਾ ਇਸ ਸਾਲ ਦੀ ਤੀਜੀ ਤਿਮਾਹੀ ਵਿੱਚ ਪੂਰਾ ਹੋ ਜਾਵੇਗਾ। ਇਸ ਐਲਾਨ ਤੋਂ ਬਾਅਦ ਯਮ ਬ੍ਰਾਂਡਜ਼ ਦੇ ਸ਼ੇਅਰਾਂ ਵਿੱਚ ਲਗਭਗ 3 ਫ਼ੀ ਸਦੀ ਦਾ ਵਾਧਾ ਵੀ ਦਰਜ ਕੀਤਾ ਗਿਆ।



# ਅਮਰੀਕੀ ਨਾਗਰਿਕਾਂ ਦੇ ਪਰਿਵਾਰ ਵੀ ਇੰਮੀਗ੍ਰੇਸ਼ਨ ਕਾਰਵਾਈ ਦੀ ਲਪੇਟ ਵਿੱਚ:ਹਜ਼ਾਰਾਂ ਪਰਿਵਾਰ ਪ੍ਰਭਾਵਿਤ

ਵਾਸ਼ਿੰਗਟਨ ਡੀ.ਸੀ.- ਅਮਰੀਕਾ ਵਿੱਚ ਚੱਲ ਰਹੀ ਸਖ਼ਤ ਇਮੀਗ੍ਰੇਸ਼ਨ ਕਾਰਵਾਈ ਕਾਰਨ ਹੁਣ ਸਿਰਫ਼ ਗੈਰ-ਦਸਤਾਵੇਜ਼ੀ ਪ੍ਰਵਾਸੀ ਹੀ ਨਹੀਂ, ਸਗੋਂ ਅਮਰੀਕੀ ਨਾਗਰਿਕਾਂ ਦੇ ਪਤੀ-ਪਤਨੀਆਂ, ਮਾਪੇ ਅਤੇ ਹੋਰ ਪਰਿਵਾਰਕ ਮੈਂਬਰ ਵੀ ਪ੍ਰਭਾਵਿਤ ਹੋ ਰਹੇ ਹਨ। ਇੱਕ ਨਵੀਂ ਰਿਪੋਰਟ ਅਨੁਸਾਰ ਹਜ਼ਾਰਾਂ ਅਮਰੀਕੀ ਪਰਿਵਾਰ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ ਜਿੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ ਜਾਂ ਦੇਸ਼ ਨਿਕਾਲੇ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਰਿਪੋਰਟ ਵਿੱਚ ਟੈਨੇਸੀ ਦੀ ਰਹਿਣ ਵਾਲੀ ਮਾਰੀਆ ਫਲੋਰਸ ਦਾ ਜ਼ਿਕਰ ਕੀਤਾ ਗਿਆ ਹੈ, ਜੋ ਆਪਣੇ ਪਤੀ ਨੂੰ ਇੱਕ ਟ੍ਰੈਫਿਕ ਟਿਕਟ ਦੀ ਫੀਸ ਭਰਨ ਲਈ ਅਦਾਲਤ ਲੈ ਕੇ ਗਈ ਸੀ। ਪਰ ਅਦਾਲਤ ਵਿੱਚ ਉਡੀਕ ਕਰਨ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਉਸਦੇ ਪਤੀ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿੱਚ ਲੈ ਲਿਆ ਹੈ। ਮਾਰੀਆ, ਜੋ ਇੱਕ ਅਮਰੀਕੀ ਨਾਗਰਿਕ ਹੈ, ਨੇ ਕਿਹਾ ਕਿ ਉਸਨੂੰ ਘੰਟਿਆਂ ਤੱਕ ਇਹ ਵੀ ਨਹੀਂ ਦੱਸਿਆ ਗਿਆ ਕਿ ਉਸਦੇ ਪਤੀ ਨਾਲ ਕੀ ਹੋਇਆ ਹੈ।ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਭਰ ਵਿੱਚ ਕਈ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ ਜਿੱਥੇ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਲੋਕ, ਜਿਨ੍ਹਾਂ ਦੇ ਜੀਵਨ ਸਾਥੀ ਜਾਂ ਬੱਚੇ ਅਮਰੀਕੀ ਨਾਗਰਿਕ ਹਨ, ਹੁਣ ਇਮੀਗ੍ਰੇਸ਼ਨ ਕਾਰਵਾਈ ਦਾ ਨਿਸ਼ਾਨਾ ਬਣ ਰਹੇ ਹਨ। ਇਸ ਨਾਲ ਪਰਿਵਾਰਾਂ ਵਿੱਚ ਡਰ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਹੈ।

## ਨਵੇਂ ਸਰਵੇਖਣ ਵਿੱਚ ਖੁਲਾਸਾ ਡੈਮੋਕ੍ਰੈਟ ਵੋਟਰਾਂ ਦਾ ਵੀ ਵਧਿਆ ਸਮਰਥਨ

### ਅਪਰਾਧ ਕਰਨ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੱਕ ਵਿੱਚ 80% ਲੋਕ

ਵਾਸ਼ਿੰਗਟਨ ਡੀ.ਸੀ.- ਅਮਰੀਕਾ ਵਿੱਚ ਇਮੀਗ੍ਰੇਸ਼ਨ ਮੁੱਦਾ 2026 ਦੀ ਰਾਜਨੀਤੀ ਦਾ ਇੱਕ ਵੱਡਾ ਵਿਸ਼ਾ ਬਣਿਆ ਹੋਇਆ ਹੈ। ਇੱਕ ਨਵੇਂ ਸਰਵੇਖਣ ਮੁਤਾਬਕ ਹੁਣ ਸਿਰਫ਼ ਰਿਪਬਲਿਕਨ ਹੀ ਨਹੀਂ, ਸਗੋਂ ਕਈ ਡੈਮੋਕ੍ਰੈਟ ਵੋਟਰ ਵੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਅਤੇ ਅਪਰਾਧਾਂ ਵਿੱਚ ਸ਼ਾਮਲ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਭੇਜਣ (ਡਿਪੋਰਟੇਸ਼ਨ) ਦੇ ਹੱਕ ਵਿੱਚ ਨਜ਼ਰ ਆ ਰਹੇ ਹਨ।ਸਰਵੇਖਣ ਅਨੁਸਾਰ ਲਗਭਗ 80 ਫੀਸਦੀ ਅਮਰੀਕੀ ਵੋਟਰਾਂ ਨੇ ਉਹਨਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਸਮਰਥਨ ਕੀਤਾ ਹੈ ਜੋ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ ਅਤੇ ਜਿਨ੍ਹਾਂ ਨੇ ਅਪਰਾਧ ਕੀਤੇ ਹਨ। ਇਹ ਅੰਕੜਾ ਦਰਸਾਉਂਦਾ ਹੈ ਕਿ ਕਾਨੂੰਨ-ਵਿਵਸਥਾ ਅਤੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਲੋਕਾਂ ਦੀ ਚਿੰਤਾ ਪਹਿਲਾਂ ਨਾਲੋਂ ਵੱਧ ਗਈ ਹੈ।ਰਿਪੋਰਟ ਮੁਤਾਬਕ ਡੈਮੋਕ੍ਰੈਟਿਕ ਪਾਰਟੀ ਦੇ ਕੁਝ ਵੋਟਰਾਂ ਵਿੱਚ ਵੀ ਇਮੀਗ੍ਰੇਸ਼ਨ ਬਾਰੇ ਸੋਚ ਵਿੱਚ ਬਦਲਾਅ ਆ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸਰਹੱਦ ਪਾਰ ਕਰਕੇ ਆਉਣ ਵਾਲੇ ਲੋਕਾਂ ਦੀ ਵਧਦੀ ਗਿਣਤੀ, ਸ਼ਰਨ ਪ੍ਰਣਾਲੀ 'ਤੇ ਦਬਾਅ ਅਤੇ ਕੁਝ ਉੱਚ-ਪ੍ਰੋਫਾਈਲ ਅਪਰਾਧਿਕ ਮਾਮਲਿਆਂ ਨੇ ਇਸ ਮੁੱਦੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਕਈ ਅਮਰੀਕੀ ਚਾਹੁੰਦੇ ਹਨ ਕਿ ਸਰਕਾਰ ਸਭ ਤੋਂ ਪਹਿਲਾਂ ਉਹਨਾਂ ਲੋਕਾਂ ਖ਼ਿਲਾਫ਼ ਕਾਰਵਾਈ ਕਰੇ ਜਿਨ੍ਹਾਂ ਦਾ ਅਪਰਾਧਿਕ ਰਿਕਾਰਡ ਹੈ। ਹਾਲਾਂਕਿ ਸਾਰੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਮੁੱਦੇ 'ਤੇ ਲੋਕਾਂ ਦੇ ਵਿਚਾਰ ਵੱਖ-ਵੱਖ ਹਨ, ਪਰ ਅਪਰਾਧ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਨੂੰ ਵਿਆਪਕ ਸਮਰਥਨ ਮਿਲ ਰਿਹਾ ਹੈ।

## ਅਮਰੀਕਾ 'ਚ ਟਰੱਕ ਡਰਾਈਵਰਾਂ ਦੀ ਜਾਂਚ ਹੋਵੇਗੀ ਹੋਰ ਸਖ਼ਤ

ਵਾਸ਼ਿੰਗਟਨ-ਅਮਰੀਕਾ ਵਿਚ ਟਰੱਕਿੰਗ ਉਦਯੋਗ ਅਤੇ ਕਮਰਸ਼ੀਅਲ ਡਰਾਈਵਰਾਂ ਨੂੰ ਲੈ ਕੇ ਇੱਕ ਨਵੀਂ ਚਰਚਾ ਛਿੜ ਗਈ ਹੈ। ਅਮਰੀਕੀ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ ਕਿਹਾ ਹੈ ਕਿ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿਚ ਰਹਿ ਰਹੇ ਜਾਂ ਫੈਡਰਲ ਨਿਯਮਾਂ ਅਨੁਸਾਰ ਯੋਗਤਾ ਪੂਰੀ ਨਾ ਕਰਨ ਵਾਲੇ ਡਰਾਈਵਰ ਅਮਰੀਕੀ ਸੜਕਾਂ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਸਕਦੇ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਟਰੱਕਿੰਗ ਉਦਯੋਗ ਵਿਚ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ, ਡਰਾਈਵਰ ਟ੍ਰੇਨਿੰਗ, ਕੰਪਨੀਆਂ ਦੀ ਨਿਗਰਾਨੀ ਅਤੇ ਕਾਨੂੰਨਾਂ ਦੀ ਪਾਲਣਾ ਨੂੰ ਲੈ ਕੇ ਵੱਡੇ ਸੁਧਾਰਾਂ ਦੀ ਲੋੜ ਹੈ।ਸੀਨ ਡਫੀ ਨੇ ਕਿਹਾ ਕਿ ਅਮਰੀਕਾ ਦੀ ਅਰਥਵਿਵਸਥਾ ਟਰੱਕਿੰਗ ਉਦਯੋਗ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ।ਦੇਸ਼ ਵਿਚ ਹਰ ਰੋਜ਼ ਲੱਖਾਂ ਟਨ ਸਮਾਨ ਇੱਕ ਰਾਜ ਤੋਂ ਦੂਜੇ ਰਾਜ ਤੱਕ ਟਰੱਕਾਂ ਰਾਹੀਂ ਪਹੁੰਚਾਇਆ ਜਾਂਦਾ ਹੈ।ਅਮਰੀਕੀ ਟਰੱਕਿੰਗ ਐਸੋਸੀਏਸ਼ਨਾਂ ਦੇ ਅੰਕੜਿਆਂ ਮੁਤਾਬਕ 2024 ਦੌਰਾਨ ਦੇਸ਼ ਦੇ ਕੁੱਲ ਘਰੇਲੂ ਮਾਲ ਦਾ ਲਗਭਗ 73 ਫੀਸਦੀ ਹਿੱਸਾ ਟਰੱਕਾਂ ਰਾਹੀਂ ਢੋਇਆ ਗਿਆ ਸੀ। ਇਸ ਕਰਕੇ ਟਰੱਕ ਡਰਾਈਵਰਾਂ ਦੀ ਯੋਗਤਾ ਅਤੇ ਸੁਰੱਖਿਆ ਸਿਰਫ਼ ਟਰੱਕਿੰਗ ਉਦਯੋਗ ਦਾ ਨਹੀਂ, ਸਗੋਂ ਪੂਰੇ ਦੇਸ਼ ਦੀ ਸੁਰੱਖਿਆ ਅਤੇ ਸਪਲਾਈ ਚੇਨ ਦਾ ਮੁੱਦਾ ਬਣ ਜਾਂਦੀ ਹੈ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special Ask For Detail

WE ALSO DO : * NOTARY * VISA * PASSPORT * TRANSLATION

PHONE : 253-852-1984, 253-852-1985

24 HOUR EMERGENCY SERVICE 206-370-9480

TOLL FREE : 1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM



ਗੁਰੂ ਨਾਨਕ ਗੁਰਸਿੱਖ ਗੁਰਦੁਆਰਾ

ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St Lynden, WA. 98264 (Bellingham)






19 ਜੂਨ ਦਿਨ ਸ਼ੁੱਕਰਵਾਰ ਸੁਖਦੀਪ ਸਿੰਘ ਖੋਸਾ ਪਰਿਵਾਰ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿਚ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 21 ਜੂਨ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉਂ ਕੀਤਾ ਗਿਆ?

# ਇਸ ਦਾ ਪ੍ਰਤੀਕਰਮ ਕੀ ਹੋਇਆ? ਅਤੇ ਜੂਨ 1984 ਦਾ ਘੱਲੂਘਾਰਾ

*ਅਵਤਾਰ ਸਿੰਘ

ਗੁਰੂ ਨਾਨਕ ਦੇਵ ਜੀ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਭਗਤਾਂ ਅਤੇ ਗੁਰੂਆਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਭਗਤਾਂ ਅਤੇ ਗੁਰੂਆਂ ਨੇ ਕਰੜਾ ਵਿਰੋਧ ਕਰਕੇ ਭੋਲੀ ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਭਗਤਾਂ ਅਤੇ ਗੁਰੂਆਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀਚੰਦੀਏ, ਪ੍ਰਿਥੀਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤਾਂ ਦੇ ਕੰਨ ਭਰਦੇ ਰਹੇ ਉਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ, ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਸਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਇਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਣ ਮੌਲਾਣੇ (ਭਾ. ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਆ ਰਹੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚੁਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਭਗਤਾਂ ਅਤੇ ਗੁਰੂਆਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ, ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ, ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ, ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ!

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁੱਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ ਗੁਰੂ ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ, ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਅਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ, ਇਸ ਨੂੰ ਯਾਸਾ ਦੰਡ ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਵਿਸ਼ੇਸ਼ ਧਰਮੀ-ਪੁਰਖ ਨੂੰ ਬਿਨਾਂ ਖੂਨ ਡੋਲ੍ਹੇ ਮਾਰਿਆ ਜਾਂਦਾ ਸੀ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਸੋ ਇਸ ਤਰੀਕੇ ਨਾਲ 30 ਮਈ ਸੰਨ 1606 ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ-ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ, ਦੂਰ-ਦੂਰ ਹੁਕਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ, ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ, ਅਕਾਲ ਤਖ਼ਤ ਪਰ ਗੁਰੂ ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ ਅਤੇ ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ, ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ, ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ 14 ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ, ਜਿਸ ਦਾ ਫਲ ਬਾਬਾ ਬੰਦਾ ਸਿੰਘ ਬਹਾਦਰ ਨੇ 8 ਸਾਲ ਰਾਜ ਕੀਤਾ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਵਖਤ ਪਾਈ ਰੱਖਿਆ ਅਤੇ ਮਹਾਂਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ 50 ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਅਤੇ ਅੱਜ ਤੱਕ ਨਹੀਂ ਮਿਲਿਆ। ਗੁਰਦੁਆਰਿਆਂ ਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਸਿੰਘ ਸਭਾ ਲਹਿਰ ਪੈਦਾ ਹੋਈ ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਗਿਆ। ਜੂਨ 1984 ਵਿੱਚ ਫਿਰ ਬਹਾਦਰ ਸਿੱਖ ਕੌਮ ਜਿਸ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਨੂੰ ਭੁਲਾ ਕੇ ਅਕ੍ਰਿਤਘਣਤਾ ਦਾ ਸਬੂਤ ਦਿੰਦੇ ਹੋਏ, ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰਕੇ ਸਿੱਖਾਂ ਦੇ ਇਤਿਹਾਸਕ ਦਸਤਾਵੇਜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸਾਂਭੇ ਪਏ ਸਨ ਨੂੰ ਲੁੱਟਿਆ, ਸਾੜਿਆ ਅਤੇ ਖੁਰਦ-ਬੁਰਦ ਕੀਤਾ, ਨਿਹੱਥੇ ਸਿੱਖ ਆਗੂਆਂ ਅਤੇ ਸੰਗਤਾਂ ਨੂੰ ਦ੍ਰਿੰਦਗੀ ਦਾ ਨਾਚ ਨੱਚਦੇ ਹੋਏ ਰਫਲਾਂ ਦੀਆਂ ਗੋਲੀਆਂ ਅਤੇ ਤੋਪਾਂ ਦੇ ਗੋਲਿਆਂ ਨਾਲ ਭੁੰਨਿਆਂ ਅਤੇ ਬਚੀਆਂ ਔਰਤਾਂ ਨਾਲ ਬਲਾਤਕਾਰ ਕੀਤੇ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਵਿਖੇ ਨਿਹੱਥੇ ਸਿੰਘਾਂ ਤੇ ਕੀਤਾ ਸੀ ਪਰ ਬਾਬਾ ਜਰਨੈਲ ਸਿੰਘ, ਜਨਰਲ ਸ਼ੁਬੇਗ ਸਿੰਘ, ਬੱਬਰ ਖਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਦੀ ਕਮਾਨ ਹੇਠ, ਮੁਠੀ ਭਰ ਸਿੱਖਾਂ ਨੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ, ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ, ਅਨੇਕਾਂ ਅਕੀਦਤਮੰਦ ਅਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦੇ ਵਾਰਸ ਹੋਣ ਦਾ ਜ਼ਜਬਾ ਅਤੇ ਖੂਨ ਗਰਮ ਹੈ। ਸੋ ਭਗਤਾਂ ਅਤੇ ਗੁਰੂਆਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰੂ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ, ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆਂ ਦੀ ਬਾਣੀ ਦੀ ਸੰਪਾਦਨਾ ਹੈ ਜੋ ਸਾਇੰਟੇਫਿਕ ਰੱਬੀ ਗਿਆਨ ਦਾ ਸਰਬਸਾਂਝਾ ਭੰਡਾਰ ਹੈ, ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਉਤਮ ਹੈ ਸਰਬ ਸਮੇਂ ਸ੍ਰਬ ਥਾਂਨ ਰਹੈ ਹੈਂ" (ਸੂਰਜ ਪ੍ਰਕਾਸ਼) ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ, ਜੋ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ, ਦਸਵੇਂ ਪਾਤਸ਼ਾਹ ਨੇ ਗੁਰ-ਗੱਦੀ ਦੇ ਕੇ, ਗੁਰੂ ਗ੍ਰੰਥ ਸਾਹਿਬ ਕਹਿ ਸੀਸ ਨਿਵਾਇਆ ਅਤੇ ਹੁਕਮ ਕੀਤਾ-ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ॥ ਇਸ ਗੁਰੂ ਗ੍ਰੰਥ ਦੇ ਉਪਦੇਸ਼ ਸਰਬੱਤ ਦਾ ਭਲਾ ਮੰਗਦੇ ਹਨ-ਜਗਤੁ ਜਲੰਦਾ ਰਖਿ ਲੈ ਆਪਣੀ ਕ੍ਰਿਪਾ ਧਾਰਿ॥ (853) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ. .॥ (1349) ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕੋ ਬਨਿ ਆਈ॥ (1299) ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (356) ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (1245) ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (1105) ਸੋ ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਹੈ ਅਤੇ ਟਕਰਉਂਦਾ ਰਹੇਗਾ। ਓਦੋਂ ਮੁਗਲੀਆ ਹਕੂਮਤ ਸਿੱਖਾਂ ਨਾਲ ਟਕਰਾ ਰਹੀ ਸੀ, ਫਿਰ ਸਿੱਖ ਰਾਜ ਦੇ ਖਾਤਮੇ ਤੇ ਮਹੰਤਾਂ ਦੇ ਰੂਪ ਵਿੱਚ ਬ੍ਰਾਹਮਣ ਟਕਰਾਇਆ ਅਤੇ ਅੱਜ ਭੇਖਧਾਰੀ ਸਾਧ ਲਾਣਾ, ਸਿੱਖ ਸੰਸਥਾਵਾਂ ਵਿੱਚ ਘੁਸੜ ਅਤੇ ਹਕੂਮਤ ਦਾ ਵੋਟ ਬੈਂਕ ਬਣਕੇ ਟਕਰਾ ਰਿਹਾ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਜ਼ਾਦ ਨਹੀਂ ਓਥੇ ਵੀ ਆਰ. ਐਸ. ਐਸ. ਦੀ ਪਿਛਲੱਗ ਭਾਜਪਾ ਦੀ ਪਿਉਂਦ ਵਾਲੇ ਬਾਦਲੀ ਬ੍ਰਾਹਮਣ ਕਾਬਜ ਹਨ। ਯਾਦ ਰੱਖੋ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਹਨ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਅਦੁੱਤੀ ਸ਼ਹਾਦਤ ਅਤੇ ਜੂਨ 84 ਨੂੰ ਯਾਦ ਰੱਖਦੇ ਹੋਏ, ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਗੁਰਬਾਣੀ ਦੇ ਪਾਠ-ਕੀਰਤਨ ਠੇਕੇ ਤੇ ਕਰਾਉਣ ਦੀ ਬਜਾਏ ਆਪ ਸਮਝ ਕੇ ਕਰਨੇ, ਉਸ ਤੇ ਅਮਲ ਕਰਨਾ ਅਤੇ ਇਸ ਅਮੁੱਲ ਖਜ਼ਾਨੇ ਨੂੰ ਦੁਨੀਆਂ ਦੀ ਹਰੇਕ ਬੋਲੀ ਵਿੱਚ ਵੰਡਣ ਦੀ ਸੇਵਾ ਕਰਨੀ ਚਾਹੀਦੀ ਹੈ। ਇਹ ਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਅਤੇ ਸ਼ਹੀਦ ਸਿੰਘ-ਸਿੰਘਣੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।







Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani
206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
-SIJ Guardianship Cases
- Car Accidents/Personal Injury
- Evictions

ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**
**Email:Jashan@multanilawgroup.com**
Add: 13106 S. East 240th St., #110, Kent, WA 98031

ਸਿਆਟਲ ਨਿਵਾਸੀਆਂ ਦਾ ਜਾਨਿਆਂ ਪਹਿਚਾਨਿਆਂ ਤੇ ਭਰੋਸੇਮੰਦ

# USA TRAVEL

## FLY from Seattle to India

**We Represent All Major Airlines**


TURKISH AIRLINES

QATAR AIRWAYS القطرية

DELTA

Emirates

Lufthansa



**Lowest Fare Guaranteed**

**We will beat any fare given in Kent/Seattle Area by Any Travel Agency**

**24 Hr Emergency**
**Call Amit Juneja: 206-992-2724**



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451

1729 208th St Suite #202, Bothell WA 98012
Ph: 425-420-1888 | 425-420-1889

Email: info@usatravelguru.com
Website: www.usatravelguru.com

## *India Special FARES*

**USA Travel Services is your one-stop shop for all of your travel needs.**

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ



OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →

Renton Location has Full Grocery Store & Sweet Shop
East Indian Spices, Dairy Products,

ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629

Serving Washington for 27 years.

www.pablacuisine.com

pablacuisine@gmail.com

# PABLA PUNJABI PALACE

2nd Location Now Open in Federal Way, WA

2020 S 314th St, Federal Way, WA 98003 (Hillside Plaza)

• Marriage Parties •Birthday Parties •Mehndi Parties • Business Meetings •Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559 Email: pablajas@yahoo.com

# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com

# Space Available for your Ad

ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

Maj Parminder (Pari) Mann
Ex Indian Army

SKYLINE PROPERTIES, INC.

Cell:425-499-9704
email:parimann@gmail.com



## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ



Col Navtej Nijjar
NMLS 1484258

LA Financial Services

Cell:206-334-4035
email:nijjar.n@gmail.com

## AUBURN'S MAIN SUPERMARKET

INDIAN GROCERIES-LIQUOR-WINE

1119E Main St. Auburn, WA 98002

Store hours: Mon-Sat: 8:00 AM - 10:00 PM Sun: 8:00 AM - 9:00 PM

Lowest Prices in Town WIDE VARIETY OF FROZEN FOOD

When you spend $50 or more,get 5% discount

When you spend $100 or more,get 10% discount Discount only apply to Indian Grocery




FREE PANI-PURI FRI-SUN (12PM 5PM) ONLY 4 Pani Puri/CUSTOMER

ALL KINDS OF HOUSEHOLD UTENSILS (BARTAN) AVAILABLE

BLANKETS ARE ALSO AVAILABILE IN KING, QUEEN, TWIN SIZES

Fresh SugarCane Juice Everyday

Ph:253-249-7430, Cell:253-205-9981

www.auburnsmainsupermarket.com *All prices are marked down

## Kaurs Tax And Accounting

**Trucking Compliance**

- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

**Professional Assistance Filling**

- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

**Tax Services**

- Tax Filing & Planning
- Personal & Business
- Notary Public
- Payroll Service

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa

Ph:206-472-9602

702 S Hill Park Dr Suite 202 Puyallup, WA 98373

accounting@kaurs.net
trucking@kaurs.net
Web:www.kaurs.net

## WEST CAPITAL LENDING

YOUR PREFFERRED **LOCAL LENDER**

- ਪੰਜਾਬੀ ਕਮਿਊਨਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੋਰਗੇਜ਼ ਦਾ ਪ੍ਰਬੰਧ ਕਰਦੇ ਹਾਂ

·CONVENTIONAL ·FHA ·VA Loans ·30YR/15YR/10YR FIXED ·DSCR ·P&L ·30 DAY SOFR ARM ·1099 PROGRAM ·7/6 SOFR ARMS ·LOT/CUSTOM CONSTRUCTION LOAN AVAILABLE ·24/12 BANK STATEMENT LOANS



KESSHAV SHARMA
BRANCH MANAGER

ਮੋਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ

ਘੱਟ ਰੇਟਾਂ ਦੀ ਗਰੰਟੀ

WEST CAPITAL LENDING


Call/text (425) 239-4517
ksharma@westcapitallending.com
westcapitallending.com

NMLS# 2468293 I NMLS# 1566096 I DRE# 02022356

24 Executive Park, Ste 250 Irvine, CA 92614

## Ready to grow your business?

Count on us for solutions.



Gifty Singh
Bellevue
400 112th Ave NE
206–909–5226

BANNER BANK

bannerbank.com Member FDIC

## JAG'S PIZZA

ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ

ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ

PH:360-386-9508

*5830 B, Grove St, Marysville, WA*
*(Inside Shell Gas Station Plaza)*

www.jagspizza.com

OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

## HG TAX AND ACCOUNTING

25228 104th AVE SE Suite 103 Kent, WA 98030

IT'S TIME TO SAVE ON YOUR TAXES

OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516

## LANCER TRUCKING LLC

21307-116TH AVE SE, KENT, WA 98031-2206

Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.

Ph:206-849-1313

## ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੋਸਰੀ ਸਟੋਰ

ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ

GROCERY SINGH
SAT SRI AKAL

LIQUOR - WINE BEER AVAILABLE



ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ

We Accept EBT Benefits SNAP

Now HIRING

ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ

1825 BROADWAY, EVERETT WA 98201
425-374-7550 / 206-786-0870